# ਮੌਨ ਕਥਾ

**ਇਸ ਤੋਂ ਪਹਿਲਾਂ:**

- ਹੇਠ ਵਗੇ ਦਰਿਆ

# ਮੌਨ ਕਥਾ

ਕੁਲਵੰਤ

*Poetry/Punjabi Poetry*

**Maun Katha**

*by*

**Kulwant**
Vill. Jande-Mirjapur
Via-GarhdiWala
Dist. Hoshiarpur (Punjab)
Mobile:95018-71300

2010
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
*visit us at : www.unistarbooks.com*
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2010*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਬੇਟੇ ਉਜਵਲ ਦੇ ਬਲਦੇ ਹੱਥਾਂ ਦੀ ਅਸਹਿ ਪੀੜ ਨੂੰ

# ਧੰਨਵਾਦ

ਮੈਂ ਧੰਨਵਾਦ ਕਰਦਾ ਹਾਂ ਸ੍ਰੀ ਹਰੀਸ਼ ਜੈਨ, ਅਦਾਰਾ ਲੋਕਗੀਤ ਪ੍ਰਕਾਸ਼ਨ ਸਮੂਹ ਤੇ ਯੂਨੀਸਟਾਰ ਪਬਲੀਕੇਸ਼ਨਜ਼ ਦਾ, ਜਿਨ੍ਹਾਂ ਨੇ ਇਸ ਕਿਤਾਬ ਨੂੰ ਛਾਪਣ ਤੇ ਵਿਤਰਣ ਦੀ ਜਿੰਮੇਵਾਰੀ ਲਈ। ਆਪਣੇ ਵਿਦਿਆਰਥੀ ਦੋਸਤ ਹਰਪਾਲ ਸਾਹਿਲ ਦਾ ਜਿਸ ਨੇ ਬੜੀ ਸ਼ਿੱਦਤ ਨਾਲ ਕਵਿਤਾਵਾਂ ਨੂੰ ਪੜ੍ਹਿਆ, ਵਾਚਿਆ ਤੇ ਕੰਪਿਊਟਰਕ੍ਰਿਤ ਸੀ.ਡੀ. ਤਿਆਰ ਕਰਕੇ ਦਿੱਤੀ। ਜੀਵਨ ਵਿਚ ਆਈਆਂ ਦੋ ਖ਼ੂਬਸੂਰਤ ਔਰਤਾਂ ਦਾ, ਪਹਿਲਾ ਮੇਰੀ ਮਾਂ ਬੀਬੀ ਗੁਰਨਾਮ ਕੌਰ ਤੇ ਫਿਰ ਮੇਰੀ ਪਤਨੀ ਪਰਮਜੀਤ ਕੌਰ ਦਾ ਜਿਨ੍ਹਾਂ ਨੇ ਬੁਰੇ ਸਮਿਆਂ 'ਚ ਮੇਰਾ ਸਾਥ ਨਿਭਾਇਆ।

# ਮੌਨ ਕਥਾ ਦੀ ਆਵਾਜ਼

ਨਵੀਂ ਪੰਜਾਬੀ ਕਵਿਤਾ ਦਾ ਦ੍ਰਿਸ਼ ਬਹੁਰੰਗਾ, ਵੰਨ-ਸੁਵੰਨਾ ਅਤੇ ਬਹੁ ਸੁਰਾ ਹੈ। ਇਕੋ ਸਮੇਂ ਅਨੇਕ ਸੁਰਾਂ ਦੀ ਕਵਿਤਾ ਰਚੀ ਜਾ ਰਹੀ ਹੈ। ਇਨ੍ਹਾਂ ਸੁਰਾਂ ਵਿਚ ਗੰਭੀਰ ਸੰਕਟਾਂ, ਵਰਤਾਰਿਆਂ ਅਤੇ ਜਟਿਲ ਸਮਾਜਕ ਯਥਾਰਥ ਦੀ ਸੂਹ ਤਾਂ ਮਿਲਦੀ ਹੈ ਪਰੰਤੂ ਇਹ ਕਵਿਤਾ ਵਿਚਾਰ-ਧਾਰਕ ਦਸਤਪੰਜੇ ਦੀ ਥਾਵੇਂ ਮਨੁੱਖ ਦੀ ਲਾਚਾਰੀ,ਦੁਰਗਤੀ ਅਤੇ ਭਿਆਨਕ ਜੀਵਨ ਸਥਿਤੀ ਦੇ ਦੁਖਾਂਤਕ ਚਿੱਤਰਾਂ ਤੱਕ ਸੀਮਤ ਹੋ ਜਾਂਦੀ ਹੈ। ਇਸ ਕਵਿਤਾ ਦੀ ਸੀਰਤ ਅੰਤਰ ਮੁਖਤਾ ਹੈ ਜਿਸ ਕਰਕੇ ਇਸ ਕਵਿਤਾ ਵਿਚ ਵਿਅਕਤੀਗਤ ਸੁੰਗੇੜ, ਵਿਅਕਤੀਗਤ ਕੁੰਠਾ ਵਧੇਰੇ ਹੈ। ਕਵਿਤਾ ਜਦੋਂ ਤੱਕ ਵਿਅਕਤੀਗਤ ਸੀਮਾਂ ਦੀ ਸ਼ਿਕਾਰ ਰਹੇਗੀ ਉਦੋਂ ਤੱਕ ਇਸ ਵਿਚੋਂ ਸਿਰਜਣਾ ਦੀਆਂ ਸੂਹੀਆਂ ਕਿਰਨਾਂ ਲੰਮੇ ਰੁਖ਼ ਚਾਨਣ ਨਹੀਂ ਕਰ ਸਕਦੀਆਂ। ਜਦੋਂ ਮਨੁੱਖੀ ਅਨੁਭਵ ਸਮਾਜਕਤਾ ਦੇ ਰਸਤਿਓਂ ਨਿੱਜਤਾ ਦੇ ਆਰ-ਪਾਰ ਹੁੰਦਾ ਹੈ ਉਦੋਂ ਮੈਂ ਮੁਖਤਾ ਵਿਧੀ ਬਣ ਜਾਂਦੀ ਹੈ। ਜਦੋਂ ਉਹ ਸਮਾਜਕਤਾ 'ਚ ਪਰਿਵੇਸ਼ ਨਹੀਂ ਕਰਦੀ ਉਦੋਂ ਉਹ ਵਿਅਕਤੀ ਕੇਂਦਰਿਤ ਹੋ ਕੇ ਸਵੈ ਤੱਕ ਸੁੰਗੜ ਜਾਂਦੀ ਹੈ। ਨਵੀਂ ਪੰਜਾਬੀ ਕਵਿਤਾ ਦੇ ਬਹੁ ਰੰਗੇ ਦ੍ਰਿਸ਼ ਉੱਪਰ ਝਾਤੀ ਮਾਰਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਵਿਸ਼ਾਲ ਸਮਾਜਕ ਸਰੋਕਾਰਾਂ ਦੀ ਥਾਵੇਂ ਵਿਅਕਤੀਗਤ ਸਰੋਕਾਰਾਂ ਦੀ ਜਕੜ ਵਿਚ ਵਧੇਰੇ ਗ੍ਰਸਤ ਹੈ। ਇਹ ਵਰਤਾਰਾ ਅਚਨਚੇਤੀ ਨਹੀਂ ਵਾਪਰਿਆ। ਇਸ ਪਿੱਛੇ ਉਹ ਜਟਿਲ ਸਮਾਜਕ ਪਰਿਸਥਿਤੀਆਂ ਅਤੇ ਇਤਿਹਾਸਕ ਪ੍ਰਕਿਰਿਆ ਹੈ ਜਿਸ ਨੇ ਆਧੁਨਿਕ ਮਨੁੱਖ ਨੂੰ ਸਮਾਜਕ ਸਰੋਕਾਰਾਂ ਦੀ ਥਾਵੇਂ ਵਿਅਕਤੀਗਤ ਸਰੋਕਾਰਾਂ ਲਈ ਪ੍ਰੇਰਿਤ ਕੀਤਾ ਹੈ। ਸਮਾਜਕ ਵਿਕਾਸ ਦੇ ਪੂੰਜੀਵਾਦੀ ਮਾਡਲ ਨੇ ਆਪਣਾ ਸਰੂਪ ਅਤੇ ਵਿਧੀਆਂ ਬਦਲੀਆਂ ਹਨ ਪਰੰਤੂ ਇਸ ਦਾ ਖ਼ਾਸਾ/ ਕਿਰਦਾਰ/ ਸੁਭਾਅ ਉਹੋ ਹੀ ਹੈ। ਇਸ ਵਿਚੋਂ ਹੀ ਵਿਅਕਤੀਗਤ ਸਰੋਕਾਰ ਪ੍ਰਾਥਮਿਕਤਾ ਪ੍ਰਾਪਤ ਕਰਦੇ ਹਨ। ਪੰਜਾਬੀ ਕਵਿਤਾ ਇਸ ਪ੍ਰਭਾਵ ਹੇਠ ਹੀ ਵੱਖਰੇ ਵੱਖਰੇ ਰੰਗ, ਦ੍ਰਿਸ਼ ਅਤੇ ਚਿੱਤਰ ਸਿਰਜਣ ਦੇ ਆਹਰ ਵਿਚ ਹੈ।

ਕੁਲਵੰਤ ਦੀ ਕਾਵਿ ਪੁਸਤਕ 'ਮੌਨ ਕਥਾ' ਉਪਰੋਕਤ ਪ੍ਰਸੰਗ ਵਿਚ ਪੜ੍ਹਦਿਆਂ ਕਈ ਗੰਭੀਰ ਅਤੇ ਜਟਿਲ ਸਮਾਜਕ ਯਥਾਰਥ ਪ੍ਰਤੀ ਭਾਵਪੂਰਤ ਸੰਕੇਤ ਕਰਦੀ ਹੈ। ਇਹ ਸੰਕੇਤ ਉਸਦੀ ਪਹਿਲੀ ਕਾਵਿ ਪੁਸਤਕ 'ਹੇਠ ਵਗੇ ਦਰਿਆ' ਵਿਚ ਵੀ ਸਨ

ਪਰੰਤੂ 'ਮੌਨ ਕਥਾ' ਵਿਚ ਇਹ ਹੋਰ ਸੰਘਣੇ ਰੂਪ ਵਿਚ ਸਾਹਮਣੇ ਆਏ ਹਨ:

ਤੂੰ ਮੇਰੇ ਘਰ ਆਵੀਂ
ਜਾਂ ਗਾਹੇ-ਵਗਾਹੇ ਰਸਤੇ-ਚੁਰੱਸਤੇ 'ਚ
ਹੀ ਮਿਲ ਲਵੀਂ
ਅੱਜ ਕੱਲ੍ਹ
ਬੰਦੇ ਦਾ ਬੰਦੇ ਨੂੰ ਮਿਲਣਾ
ਕਿਹੜਾ ਸੌਖਾ ਹੈ

ਇਹ ਕਵਿਤਾ ਗੰਭੀਰ ਸੰਕੇਤ ਕਰਦੀ ਹੋਈ ਅੱਜ ਦੇ ਸਮੁੱਚੇ ਵਰਤਾਰੇ ਪ੍ਰਤੀ ਨਵੇਂ ਪ੍ਰਸ਼ਨ ਖੜ੍ਹੇ ਕਰਦੀ ਹੈ। ਸਭ ਨਾਲੋਂ ਵੱਡਾ ਪ੍ਰਸ਼ਨ ਬੰਦੇ ਦਾ ਬੰਦੇ ਨੂੰ ਮਿਲਣਾ। ਅੱਜ ਬੰਦੇ ਵਸਤੂਆਂ ਹੋ ਗਏ ਹਨ। ਉਪਭੋਗੀ ਕਲਚਰ ਵਿਚ ਬੰਦਾ ਬੰਦਿਆਈ ਗੁਆ ਬੈਠਾ ਹੈ। ਪੂੰਜੀਵਾਦੀ ਜੀਵਨ ਸ਼ੈਲੀ ਨੇ ਮਨੁੱਖ 'ਚੋਂ ਭਾਵਕਤਾ, ਸੁਹਿਰਦਤਾ, ਸੰਵੇਦਨਸ਼ੀਲਤਾ ਦਰੜ ਦਿੱਤੀ ਹੈ। ਬੰਦਾ ਵਸਤੂਆਂ ਦੇ ਸੰਸਾਰ ਵਿਚ ਮਹਿਜ਼ ਵਸਤੂ ਬਣਕੇ ਰਹਿ ਗਿਆ ਹੈ। ਵਸਤੂ ਬਣੇ ਸਮਾਜ ਵਿਚ ਬੰਦੇ ਦੀ ਤਲਾਸ਼ ਇਕ ਗੰਭੀਰ ਪ੍ਰਸ਼ਨ ਹੈ ਜੋ ਅੱਜ ਦੇ ਸਮੇਂ ਦਾ ਭਖਦਾ ਸੁਆਲ ਹੈ। ਕੁਲਵੰਤ ਦੀ ਕਵਿਤਾ ਵਿਚ ਅਜਿਹੇ ਪ੍ਰਸ਼ਨ ਥਾਂ ਪੁਰ ਥਾਂ ਮਿਲਦੇ ਹਨ।

ਅੱਜ ਦਾ ਮਨੁੱਖ ਜਿਸ ਕਿਸਮ ਦੀ ਭਿਆਨਕ ਸਥਿਤੀ ਨੂੰ ਭੋਗ ਰਿਹਾ ਹੈ ਉਸਨੂੰ ਉਹ ਆਪਣੀ ਲੰਮੀ ਕਵਿਤਾ ਪਾਂਧਾ ਜੀ ਵਿਚ ਵਿਸਤ੍ਰਿਤ ਤੌਰ ਤੇ ਉਭਾਰਦਾ ਹੈ। ਇਸ ਕਵਿਤਾ ਦੇ ਭਾਵ ਬੋਧ ਵਿਚ ਅਤੀਤ, ਵਰਤਮਾਨ ਅਤੇ ਭਵਿੱਖ ਆਪੋ ਵਿਚ ਖਹਿਕੇ ਤੁਰ ਰਹੇ ਹਨ। ਰਿਸ਼ਤਿਆਂ ਦੀ ਵਿਆਕਰਣ, ਸਮਾਜਕ ਸਮੀਕਰਣ ਅਤੇ ਵਿਅਕਤੀਗਤ ਉਪਭੋਗਤਾ ਨੇ ਮਨੁੱਖ ਨੂੰ ਜਿਨ੍ਹਾਂ ਪਰਿਸਥਿਤੀਆਂ ਦੇ ਸਨਮੁੱਖ ਕੀਤਾ ਹੈ, ਉਹ ਇਸ ਕਵਿਤਾ ਦਾ ਹਾਸਲ ਹੈ। ਇਸ ਕਵਿਤਾ ਦੇ ਇਕ ਅੰਗ ਦਾ ਪਾਠ ਏਥੇ ਕੁਥਾਂ ਨਹੀਂ ਹੋਵੇਗਾ:-

ਪਾਂਧਾ ਜੀ
ਗੱਲ ਨਹੀਂ ਇਕ ਬੇਨਤੀ ਕਰਾਂ
ਗੱਲ ਸੁਣਨੀ ਬੇਹੁਰਮਤੀ ਹੈ, ਤੇਰੇ ਸੰਵਿਧਾਨ ਦੀ
ਤੇ ਤੂੰ ਸਭ ਜਾਣਦਾ ਹੀ ਏਂ
ਅੱਜ ਕੱਲ ਮੇਰੀ ਹੀ ਨਹੀਂ
ਸਾਰੇ ਪੰਥ ਦੀ ਰਹਿਤ ਮਰਿਆਦਾ ਭੰਗ ਹੋ ਚੁੱਕੀ ਹੈ

ਮੈਂ ਗੁਰੂ ਘਰ ਦਾ ਬੰਦਾ
ਗੁਰੂ ਘਰ ਜਾਣ ਤੋਂ ਸ਼ਰਮਾਉਂਦਾ ਹੈ
ਕਿਵੇਂ ਦੱਸਾਂਗਾ ਮੈਂ ਉਸਨੂੰ
ਛੋਟੇ ਛੋਟੇ ਸੁਆਦਾਂ 'ਚ ਫਸਦਾ
ਮੈਂ ਕਿੱਡਾ ਗੁਨਾਹਗਾਰ ਹੋ ਗਿਆ ਹਾਂ
ਸੂਰਜ ਛਿਪਦਿਆਂ ਸਾਰ ਹੀ ਮੇਰੇ ਘਰ
ਤਾਰਿਆਂ ਦਾ ਥਾਲ ਨਹੀਂ
ਸ਼ਰਾਬ ਦਾ ਹਵਨ ਮਹਿਕ ਰਿਹਾ ਹੁੰਦਾ ਹੈ
ਨਾ ਪੜ੍ਹਦਾ ਹਾਂ ਰਹਿਰਾਸ
ਨਾ ਕਰਦਾ ਹਾਂ ਕੀਰਤਨ ਸੋਹਿਲਾ
ਸੌਣ ਵੇਲੇ ਤਾਂ ਮੈਂ ਜੁਆਕਾਂ ਦੇ ਚਿਹਰੇ ਵੀ
ਨਹੀਂ ਪਹਿਚਾਣ ਰਿਹਾ ਹੁੰਦਾ
ਤੇ ਅਰਧਾਂਗਣੀ
ਦੂਸਰੇ ਕਮਰੇ 'ਚ
ਕੰਪਿਊਟਰ 'ਤੇ ਆਨ ਲਾਇਨ ਹੁੰਦੀ ਹੈ।

ਇਸ ਕਵਿਤਾ 'ਚ ਕੁਲਵੰਤ ਸਮਾਜਕ ਅਤੇ ਸਭਿਆਚਾਰਕ ਤੌਰ 'ਤੇ ਵਾਪਰ ਰਹੀਆਂ ਮਹੀਨ ਤਬਦੀਲੀਆਂ ਨੂੰ ਚਿਤਰਤ ਕਰਦਾ ਹੈ। ਸਮੁੱਚੇ ਪੰਥ ਦੀ ਰਹਿਤ ਮਰਿਯਾਦਾ ਦਾ ਭੰਗ ਹੋਣਾ, ਸਭਿਆਚਾਰਕ ਵਿਰਾਸਤ ਅਤੇ ਧਾਰਮਿਕ ਮਰਿਯਾਦਾ ਤੋਂ ਟੁੱਟ ਕੇ ਮਨੁੱਖ ਦੇ ਸ਼ਰਾਬ (ਉਪਭੋਗਤਾ) ਵਿਚ ਖਚਿਤ ਹੋ ਜਾਣਾ, ਨਿਆਣਿਆਂ ਦੇ ਚਿਹਰੇ ਨਾ ਪਛਾਨਣ ਦਾ ਸੰਤਾਪ, ਅਰਧਾਂਗਣੀ ਦਾ ਰਿਸ਼ਤਿਆਂ ਤੋਂ ਦੂਰ ਕੰਪਿਊਟਰ 'ਤੇ ਆਨ ਲਾਇਨ ਹੋਣਾ ਕਲਪਿਤ ਸੁਪਨ ਸੰਸਾਰ ਨਹੀਂ ਹੈ, ਸਗੋਂ ਪੰਜਾਬੀ ਸਮਾਜ ਦਾ ਪੂੰਜੀਵਾਦੀ ਉਪਭੋਗਤਾ ਵਿਚ ਖਚਿਤ ਹੋ ਜਾਣ ਦਾ ਦੁਖਾਂਤ ਹੈ। ਸ਼ਾਇਰ ਧਾਰਮਿਕ ਰਹਿਤ ਮਰਿਯਾਦਾ ਅਤੇ ਆਦਰਸ਼ਕ ਜੀਵਨ ਸ਼ੈਲੀ ਦੇ ਖ਼ਤਮ ਹੋਣ ਦਾ ਵਿਰਲਾਪੀ ਰੁਦਨ ਨਹੀਂ ਕਰਦਾ ਸਗੋਂ ਭਾਰੂ ਹੋ ਰਹੀ ਅਮਾਨਵੀ ਪੂੰਜੀਵਾਦੀ ਜੀਵਨ ਸ਼ੈਲੀ ਦੇ ਨਾਂਹਮੁਖੀ ਵਰਤਾਰੇ ਪ੍ਰਤੀ ਚਿੰਤਤੀ ਪ੍ਰਸ਼ਨ ਉਠਾਉਂਦਾ ਹੈ। ਇਹ ਪ੍ਰਸ਼ਨ ਗੰਭੀਰ ਸਮਾਜਕ, ਸਭਿਆਚਾਰਕ ਅਤੇ ਵਿਚਾਰਧਾਰਕ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ। ਕੁਲਵੰਤ ਦੀ ਕਵਿਤਾ ਦੀ ਸਾਰਥਕਤਾ ਵੀ ਇਹੋ ਹੈ ਕਿ ਉਹ ਪਾਠਕ ਨੂੰ ਵਾਰ ਵਾਰ ਗੰਭੀਰ ਪ੍ਰਸ਼ਨਾਂ ਦੇ ਸਨਮੁੱਖ ਕਰਕੇ ਸੋਚਣ ਦੀ ਜਾਗ ਲਾਉਂਦੀ ਹੈ।

ਕੁਲਵੰਤ ਦੀ ਕਵਿਤਾ ਬਿਰਤਾਂਤ ਦੀ ਕਵਿਤਾ ਨਹੀਂ ਹੈ ਸਗੋਂ ਤਰਲ ਭਾਵ-ਬੋਧ, ਸਮਾਜਕ ਆਬੋ-ਹਵਾ ਅਤੇ ਵਰਤਮਾਨ ਦੀ ਭਿਆਨਕ ਸਥਿਤੀ ਨੂੰ ਸੰਕੇਤਾਂ, ਬਿੰਬਾਂ, ਚਿਹਨਾਂ, ਪ੍ਰਤੀਕਾਂ ਰਾਂਹੀ ਅੰਕਿਤ ਕਰਦੀ ਹੈ। ਇਸ ਕਰਕੇ ਉਸਦੀ ਕਵਿਤਾ ਸੂਖ਼ਮ ਬਣ ਜਾਂਦੀ ਹੈ। ਕੁਲਵੰਤ ਕਵਿਤਾ ਨੂੰ ਵਿਚਾਰਾਂ ਦੀ ਘੜਮੱਸ ਵਿਚ ਪ੍ਰਵਰਤਿਤ ਨਹੀਂ ਕਰਦਾ ਅਤੇ ਨਾ ਹੀ ਸਮੱਸਿਆਵਾਂ ਦੇ ਬੋਝ ਹੇਠ ਵਿਚਾਰਧਾਰਕ ਪ੍ਰਤਿਕਰਮ ਵਿਚ ਬਦਲਦਾ ਹੈ। ਉਹ ਕਵਿਤਾ ਵਿਚ ਅਜੀਬ ਕਿਸਮ ਦੇ ਸੰਤੁਲਨ ਰਾਹੀਂ ਵਿਚਾਰਧਾਰਕ ਪ੍ਰਵਚਨ ਸਿਰਜਦਾ ਹੈ। ਉਸ ਦੀ ਇਕ ਕਵਿਤਾ 'ਰਾਤ ਉਦਾਸ ਹੈ' ਇਸ ਸੰਗ੍ਰਹਿ ਦੀ ਵਿਚਾਰਧਾਰਕ ਸੂਖ਼ਮਤਾ ਦੀ ਮਾਰਮਿਕ ਮਿਸਾਲ ਹੈ। ਉਹ ਇਸ ਕਵਿਤਾ ਵਿਚ ਰਾਤ, ਪਹਿਰ, ਮਾਰੂਥਲ ਆਦਿਕ ਚਿਹਨਾਂ ਨੂੰ ਸਮੁੱਚੇ ਸਮਾਜਕ ਦ੍ਰਿਸ਼ ਵਿਚ ਫੈਲਾ ਦਿੰਦਾ ਹੈ। ਇਸ ਕਵਿਤਾ 'ਚੋਂ ਕੁਝ ਸਤਰਾਂ ਦਾ ਪਾਠ ਜ਼ਰੂਰੀ ਹੈ :-

ਰਾਤ ਦੇ ਪਹਿਲੇ ਪਹਿਰ ਦੀ ਉਪਰਾਮਤਾ
ਵਿਆਕੁਲ ਕਰ ਦਿੰਦੀ ਹੈ ਮੈਨੂੰ
ਮੈਂ ਜੀਵਨ ਤੇ ਮੌਤ ਵਿਚਕਾਰ
ਫੈਲੇ ਉਸ ਭਿਆਨਕ ਖਲਾਅ ਨੂੰ
ਵੇਖ ਸਕਣ ਤੋਂ ਅਸਮਰੱਥ ਹੁੰਦਾ ਹਾਂ
ਮੇਰੀਆਂ ਨਜ਼ਰਾਂ ਮੂਹਰੇ
ਖਲਾਅ ਹੀ ਖਲਾਅ
ਦੂਰ ਦੂਰ ਤੱਕ ਫੈਲਿਆ
ਕਾਲੀ ਰੇਤ ਦਾ ਮਾਰੂਥਲ
ਰੇਤ ਦੇ ਬਰੀਕ ਕਿਣਕਿਆਂ ਨੂੰ ਚੁਣਦਾ
ਮਾਰੂਥਲ ਦੇ ਮੁੱਕ ਜਾਣ ਦੀ ਆਸ ਲੈ
ਪਲ ਪਲ ਜੀਂਦਾ ਹਾਂ ਮੈਂ

ਇਸ ਕਵਿਤਾ 'ਚ ਜਿੱਥੇ ਕਾਵਿਕਤਾ, ਕਾਵਿ ਸੁਹਜ ਅਤੇ ਕਾਵਿ ਗੁਣ ਨਵੀਂ ਪੰਜਾਬੀ ਕਵਿਤਾ ਦੀ ਪ੍ਰਾਪਤੀ ਹੈ ਉਥੇ ਕੁਲਵੰਤ ਦੀ ਕਾਵਿ ਸਮਰੱਥਾ ਦਾ ਪ੍ਰਮਾਣ ਵੀ ਬਣਦੀ ਹੈ ਕਿ ਉਹ ਅਤਿ ਜਟਿਲ ਸਮਾਜਕ ਅਤੇ ਮਾਨਸਿਕ ਸਥਿਤੀ ਨੂੰ ਗੰਭੀਰ ਵਿਚਾਰਧਾਰਕ ਕਾਵਿ ਪ੍ਰਵਚਨ ਵਿਚ ਰੂਪਾਂਤਰਿਤ ਕਰ ਸਕਦਾ ਹੈ।

ਕੁਲਵੰਤ ਦੀ ਇਸ ਕਾਵਿ ਪੁਸਤਕ ਵਿਚ ਪ੍ਰਸ਼ਨ ਚੇਤਨਾ ਕਮਾਲ ਹੈ ਪਰੰਤੂ ਨਾਲੋ ਨਾਲ ਉਸ ਵਿਚ ਪ੍ਰਗੀਤ ਸਿਰਜਣ ਦੀ ਸਮੱਰਥਾ ਵੀ ਕਮਾਲ ਹੈ। ਇਸ ਸੰਗ੍ਰਹਿ

ਵਿਚ ਉਸਦੇ ਗੀਤ ਪ੍ਰਗੀਤ ਬਹੁਤ ਸੂਖ਼ਮ, ਸੁਹਜਵੰਤ ਅਤੇ ਭਾਵਪੂਰਤ ਹਨ। ਇਹ ਗੀਤ ਪ੍ਰਗੀਤ ਉਸ ਦੀ ਕਵਿਤਾ ਦੀ ਇਕ ਹੋਰ ਵੰਨ ਸੁਵੰਨਤਾ ਹੈ ਜੋ ਉਸਦੀ ਕਵਿਤਾ ਵਿਚ ਵਿਵਧਤਾ ਭਰਦੀ ਹੈ:-

ਕਾਲੇ ਸਫ਼ੇ ਤੇ ਗੋਰਾ ਅੱਖਰ
ਕਿੰਨਾ ਚਿਰ ਟਿਕ ਪਾਏ
ਦੋ ਚਾਰ ਅੱਖਰ ਪਾ ਲੈ ਜਿੰਦੇ
ਕੀ ਲਿਖਣਾ ਅਧਿਆਇ

............

ਮਿੱਟੀਏ! ਬੋਲ ਨਾ ਬੋਲ ਕੁਬੋਲ
ਮਨ ਦਾ ਮਿਰਗ ਕਸਤੂਰੀ ਲੱਭਦਾ
ਜੰਗਲ ਬੇਲੇ ਫੋਲ

............

ਸਈਓ ਨੀ
ਅੱਜ ਮੇਰੇ ਸੰਗ ਵੀ ਜਾਗਣ ਤਾਰੇ
ਦਿਹੁੰ ਦਾ ਦੀਪ ਧੁਖੇ ਪਲਕਾਂ ਵਿਚ
ਭੀਤਰਿ ਚਾਉ ਕੁਆਰੇ

............

ਹਾਏ ਕੋਈ ਟੁੱਟੇ ਨਾ ਤਾਰਾ
ਨੀਂਦਰ ਵਿਚ ਮੇਰੀ ਸੁਪਨਾ ਵਿਲਕੇ
ਸੁਪਨੇ ਵਿਚ ਜੱਗ ਸਾਰਾ

ਅੱਜ ਸ਼ਬਦਾਂ ਦਾ ਕਾਫਲਾ, ਤੁਰ ਪਿਆ ਕਿਹੜੇ ਰਾਹ
ਅਰਥ ਕਿ ਪੱਥਰ ਹੋ ਗਏ, ਅੱਖਰ ਸਾਹੋ ਸਾਹ

ਇਉਂ ਕੁਲਵੰਤ ਦੀ ਕਵਿਤਾ ਕਾਵਿ ਵਿਧਾ ਪੱਖੋਂ ਵੀ ਨਵੀਆਂ ਪਰਤਾਂ ਸਿਰਜਣ ਦੇ ਆਹਰ ਵਿਚ ਹੈ। ਪ੍ਰਗੀਤਕ ਕਵਿਤਾ ਵਿਚ ਸਿਰਫ਼ ਮੋਹ ਪਿਆਰ ਦੀ ਭਾਵਨਾ ਦਾ ਹੀ ਸੂਖ਼ਮ ਇਜ਼ਹਾਰ ਨਹੀਂ ਹੈ ਸਗੋਂ ਇਨ੍ਹਾਂ ਵਿਚ ਵੀ ਅਜੋਕੇ ਯੁੱਗ ਦੀ ਅਣਦਿਸਦੀ ਦਹਿਸ਼ਤ, ਭਿਆਨਕ ਖ਼ੌਫ਼ ਅਤੇ ਪਥਰਾਏ ਸਮਿਆਂ ਦੇ ਨਕਸ਼ ਹਨ।

ਕੁਲਵੰਤ ਦੀ ਕਵਿਤਾ ਨਾਲ ਨਵੀਂ ਪੰਜਾਬੀ ਕਵਿਤਾ ਵਿਚ ਡੂੰਘਾਈ ਅਤੇ ਵਿਵਧਤਾ ਹੀ ਨਹੀਂ ਆਉਂਦੀ ਸਗੋਂ ਵਿਚਾਰ ਧਾਰਕ ਸੂਖ਼ਮਤਾ ਅਤੇ ਵਿਚਾਰਧਾਰਕ ਸੰਵਾਦ ਦੀ ਸਥਿਤੀ ਵੀ ਬਣਦੀ ਹੈ। ਇਹ ਨਵੀਂ ਕਵਿਤਾ ਲਈ ਸ਼ੁਭ ਸ਼ਗਨ ਹੈ। 'ਮੌਨ ਕਥਾ' ਕਾਵਿ ਸੰਗ੍ਰਹਿ ਦੀ ਸੁਰ ਮੌਨ ਕਰ ਦਿੱਤੇ ਗਏ ਮਨੁੱਖ ਅਤੇ ਸਮਾਜ ਦੀ ਸੂਖ਼ਮ ਅਤੇ ਚਿੰਤਨੀ ਸੁਰ ਹੈ। ਕੁਲਵੰਤ ਦੀ ਇਸ ਕਾਵਿ ਪੁਸਤਕ ਨੂੰ ਕਾਵਿ ਪਾਠਕ ਅਤੇ ਕਾਵਿ ਚਿੰਤਕ ਤਿੱਖੀ ਕਾਵਿ ਯੋਗਤਾ ਅਤੇ ਵਿਚਾਰਧਾਰਕ ਸਜੱਗਤਾ ਨਾਲ ਪਛਾਨਣਗੇ। ਉਸ ਦੀ 'ਮੌਨ ਕਥਾ' ਨੂੰ ਕਾਵਿ ਪਾਠਕਾਂ ਦੇ ਸਨਮੁੱਖ ਇਸ ਵਿਸ਼ਵਾਸ਼ ਨਾਲ ਕਰਦਾ ਹਾਂ ਕਿ ਉਹ ਭਵਿੱਖ ਵਿਚ ਹੋਰ ਵੀ ਪ੍ਰਪੱਕਤਾ ਨਾਲ ਸਾਹਮਣੇ ਆਵੇਗਾ।

12 ਜੂਨ 2010 — ਸਰਬਜੀਤ ਸਿੰਘ (ਡਾ.)

# ਤਤਕਰਾ


| ਲੜੀ ਨੰ: | ਸੂਚੀ | ਪੰਨਾ ਨੰ: |
|---|---|---|
| 1. | ਮੌਨ ਕਥਾ | 17 |
| 2. | ਕੋਰਾ ਸਫ਼ਾ | 19 |
| 3. | ਦਸਤਕ-1 | 21 |
| 4. | ਦਸਤਕ-2 | 22 |
| 5. | ਦਸਤਕ-3 | 23 |
| 6. | ਆਹਟ | 25 |
| 7. | ਖਿੜਕੀ | 28 |
| 8. | ਕਾਰਟੂਨ ਸ਼ੌ | 30 |
| 9. | ਹੇ ਪਿਤਾ | 32 |
| 10. | ਵਰਤਮਾਨ | 35 |
| 11. | ਲਾਲਟੈਨ | 36 |
| 12. | ਵਿਸਰ ਰਹੇ | 38 |
| 13. | ਤੀਲਾ | 39 |
| 14. | ਸਈਓ ਨੀ! | 40 |
| 15. | ਹਾਏ! ਕੋਈ ਟੁੱਟੇ ਨਾ ਤਾਰਾ | 41 |
| 16. | ਮਾਂ | 42 |
| 17. | ਅੰਗਿਆਰੇ | 44 |
| 18. | ਬਾਰਿਸ਼ | 45 |
| 19. | ਸੁਣ ਜਿੰਦੜੀਏ | 46 |
| 20. | ਕਾਲੇ ਸਫ਼ੇ ਤੇ | 47 |
| 21. | ਪ੍ਰੰਪਰਾ | 48 |
| 22. | ਜੀਵਨ | 50 |
| 23. | ਤੇਰੀ ਹਾਜ਼ਰੀ 'ਚ | 51 |
| 24. | ਹੁੰਮਸ | 52 |

| | | |
|---|---|---|
| 25. | ਤੂੰ ਆ | 54 |
| 26. | ਬੰਦਾ | 56 |
| 27. | ਨਜ਼ਰ | 56 |
| 28. | ਛੁੱਟੀਆਂ | 57 |
| 29. | ਜਗਿਆਸਾ | 57 |
| 30. | ਘਬਰਾਹਟ | 58 |
| 31. | ਪਹਿਚਾਣ | 58 |
| 32. | ਸਿਮਰਤੀ | 59 |
| 33. | ਜਿਸਮ | 59 |
| 34. | ਰਹਿਤ ਮਰਿਆਦਾ | 60 |
| 35. | ਸ਼ਰਾਰਤ | 60 |
| 36. | ਸਿਮ ਸਿਮ ਪਾਣੀਆ | 61 |
| 37. | ਯਾਦ | 63 |
| 38. | ਅੱਥਰੂ | 64 |
| 39. | ਪਾਂਧਾ ਜੀ | 65 |
| 40. | ਔਰਤਾਂ-1 | 71 |
| 41. | ਔਰਤਾਂ-2 | 71 |
| 42. | ਰਾਤ ਉਦਾਸ ਹੈ | 72 |
| 43. | ਨਿਸ਼ਬਦਾ | 76 |
| 44. | ਕੂੰਜਾਂ ਦੇ ਦੇਸ | 79 |
| 45. | ਦੋਹੇ | 80 |

ਕਵਿਤਾ ਲਿਖਣਾ ਕਿੰਨਾ ਸਹਿਜ ਹੈ!
ਕਤਰਾ ਕਤਰਾ ਆਪਣਾ ਲਹੂ
ਸਫ਼ੇਦ ਸਫ਼ਿਆਂ ਤੇ ਖਿਲਾਰਦੇ ਜਾਓ
ਤੇ ਫਿਰ
ਲਿਖਦੇ ਜਾਓ,ਲਿਖਦੇ ਜਾਓ
ਲਗਾਤਾਰ!

# ਮੌਨ ਕਥਾ

ਅਮਰਕਥਾ ਬੋਲਦੇ ਬੋਲਦੇ ਸ਼ਿਵ ਰੁਕ ਗਏ-
ਗੌਰੀ ਤੇ ਸੌਂ ਰਹੀ ਹੈ
ਕੌਣ ਭਰ ਰਿਹਾ ਹੈ ਹੁੰਗਾਰਾ
ਕੋਈ ਨਰ, ਪਸ਼ੂ, ਪਿਸ਼ਾਚ
ਜਾਂ ਕੋਈ ਪ੍ਰੇਤ ਆਤਮਾ
ਅਵਾਕ!
ਅਚਨਚੇਤ
ਗਲੇ ਦਾ ਬਾਸ਼ਕ ਨਾਗ ਫੁੰਕਾਰਿਆ
ਕ੍ਰੋਧ ਦਾ ਇਕ ਭਾਵੀ ਬਵੰਡਰ
ਸ਼ਿਵ ਦੇ ਨਸ ਨਸ 'ਚ ਉਠਿਆ
ਤੇੜ ਦਾ ਪਹਿਰਨ ਸੰਭਾਲੀ
ਸ਼ਿਵ ਤਾਂ ਕੈਲਾਸ਼ ਦੇ ਨਿਵਾਣ ਵੱਲ ਉਤਰ ਗਏ-
ਪਰਬਤ ਦੇ ਪੈਰਾਂ ਹੇਠ ਵਿਛੀ ਦਾਵਾਨਲ
ਭਿਆਨਕ ਅਗਨ!
ਜੀਵਾਂ ਦਾ ਸ਼ੋਰ
ਨਿਰ ਮਰਮ ਹੱਤਿਆ!
ਸ਼ਿਵ ਤਾਂ ਕੁੱਦ ਪਏ ਯੁੱਧ ਦੇ ਮੈਦਾਨ ਵਿੱਚ
ਤੇ ਤੂੰ ਮੇਰੇ ਨਾਇਕ
ਗੌਰੀ ਨੂੰ ਸੁਤਿਆਂ ਛੱਡ
ਚੁੱਪਚਾਪ ਮੇਰੀ ਕਵਿਤਾ 'ਚ ਉਤਰ ਆਇਆ
ਅਧੂਰੀ ਅਮਰਕਥਾ ਤੇਰੀ ਪਿਆਸ ਵੀ ਹੈ ! ਹੋਣੀ ਵੀ!!
ਅਣਕਹੀ,ਅਣਸੁਣੀ ਅਮਰਕਥਾ ਦਾ ਮੌਨ
ਤੈਨੂੰ ਵਿਆਕੁਲ ਕਰ ਰਿਹਾ ਹੈ
ਤੇਰੇ ਲਹੂ 'ਚ ਵਹਿ ਰਿਹਾ ਹੈ ਸ਼ਿਵ ਦਾ ਅਧੂਰਾਪਣ
ਤੇ ਹੁਣ
ਮੇਰੇ ਲਈ ਮੇਰੇ ਨਾਇਕ
ਤੂੰ ਮੇਰਾ ਅਧੂਰਾ ਸ਼ਿਵ ਹੈਂ।

ਸਮੇ ਦਾ ਇਹ ਬਾਸ਼ਕ ਨਾਗ
ਤੇਰੇ ਗਲੇ ਦੁਆਲੇ ਵੀ ਲਿਪਟਿਆ ਪਿਆ ਹੈ
ਹੋਸ਼ ਦਾ ਗੰਗਮਈ ਪ੍ਰਵਾਹ
ਤੇਰੀ ਚੇਤਨਾ'ਚ ਵਹਿ ਰਿਹਾ ਹੈ
ਗਿਆਨ ਦਾ ਇਹ ਅਧੂਰਾ ਚੰਦਰਮਾ
ਤੇਰੇ ਮਸਤਕ'ਤੇ ਸ਼ੋਭ ਰਿਹਾ ਹੈ।

ਤੇ ਲੈ, ਮੈਂ ਇਹ ਕਥਾ
ਆਪਣੇ ਮਨ ਦੇ ਸਾਰੇ ਉਦਰੇਵਿਆਂ ਸਮੇਤ
ਤੈਨੂੰ ਸਮਰਪਤ ਕਰ ਰਿਹਾ ਹਾਂ......

ਇਹ ਮੌਨ ਹੈ
ਮੇਰੀ ਬੇਵਸੀ ਦਾ
ਆਤਮਦਾਹ ਹੈ
ਮੇਰੀ ਸਿਮਰਤੀ ਦਾ

ਹੇ ਮੇਰੇ ਅਧੂਰੇ ਸ਼ਿਵ
ਸੁਣ ਅਧੂਰੇ ਮਨ ਦੀ
ਅਧੂਰੀ ਮੌਨ ਕਥਾ

ਨਜ਼ਰ ਮੂਹਰੇ ਫੈਲੇ ਭਿਆਨਕ ਖ਼ਲਾਅ ਦੀ
ਰਾਗਹੀਣ ਵਿਥਿਆ!

## ਕੋਰਾ ਸਫ਼ਾ

ਹੱਥ ਵਿੱਚ ਕਲਮ ਨਜ਼ਰ ਵਿੱਚ ਦਹਿਸ਼ਤ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਇਹ ਕਿਸ ਦੇ ਬੋਲ ਕਿਸ ਦੀ ਭਟਕਣ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਚੋ ਦੀ ਰੇਤ ਨਾ ਸਿੰਮਦਾ ਪਾਣੀ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਖੋੜ੍ਹ ਫਲਾਹੀਂ ਅੱਜ ਫਣੀਅਰ ਸੁੱਤੇ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਜੀਭਾ ਰਹਿਤ ਹੈ ਪੀੜ ਦੀ ਉਮਰਾ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਕਿਉਂ ਕੋਈ ਪੀੜ ਜਰੇ ਬਿਰਹਨ ਦੀ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਸੁੱਕਦੀ ਟਾਹਲੀ ਪਈ ਜਪੁਜੀ ਗਾਵੇ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਅਗਨ ਬਿਰਖ ਸੰਗ ਬਾਲਕ ਖੇਲੇ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਹੁਣ ਨਾ ਗੀਤ ਬਣੇ ਬੋਲਾਂ ਚੋਂ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਨਾਗ ਛਾਇਆ ਮੇਰੇ ਮੂੰਹ ਪਰਛਾਈ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

ਪੀੜ ਦੇ ਹਿੱਸੇ ਛਿਲਤਰ ਆਈ
ਕੋਰਾ ਸਫ਼ਾ ਦਿਸੇ ਖਾਲੀ ਖਾਲੀ

## ਦਸਤਕ 1.

ਇਹ ਕੌਣ ਹੈ
ਜੋ ਦਸਤਕ ਦੇ ਰਿਹਾ ਹੈ
ਹਾਲੇ ਤਾਂ ਲੋ ਵੀ ਨਹੀ ਲੱਗੀ
ਪਹੁ-ਫੁਟਾਲੇ 'ਚ ਵੀ ਕਾਫੀ ਦੇਰ ਹੈ।

ਰਾਤ ਦਾ ਉਨੀਂਦਰਾ
ਮੇਰੀਆਂ ਅੱਖਾਂ 'ਚ ਰੜਕ ਰਿਹਾ ਹੈ
ਠੰਡੀ ਸੀਤ ਲਹਿਰ
ਕਹਿਰਾਂ ਦੀ ਧੁੰਦ!
ਮੈਂ ਕੁਝ ਕੁ ਦੇਰ ਲਈ ਬਾਹਰ ਗਿਆ ਸਾਂ
(ਸ਼ਾਇਦ ਕੁਝ ਭੁਲ ਗਿਆਂ ਸਾਂ)
ਕਿੰਨਾ ਸਾਰਾ ਕੁਹਰਾ
ਮੇਰੇ ਮਨ ਦੀਆਂ ਵਿਰਲਾਂ ਥਾਣੀ
ਅੰਦਰ ਲੰਘ ਅਇਆ
ਥੋੜਾ ਬਹੁਤਾ ਜੋ ਨਿੱਘ
ਬਚਾ ਕੇ ਰੱਖਿਆ ਸੀ ਮੈਂ ਆਪਣਿਆਂ ਵਾਸਤੇ
ਸਭ ਨਿਗਲ ਗਿਆ

ਹੁਣ ਮੈਂ ਇਕੱਲਾ
ਰੂਹ ਦਾ ਖਾਲੀਪਨ ਆਪਣੇ ਸਾਥ ਲਈ
ਬਿਸਤਰ ਤੇ ਲੇਟਿਆ ਪਿਆ ਹਾਂ।

## ਦਸਤਕ 2.

ਇਹ ਕੌਣ ਹੈ?
ਜੋ ਦਸਤਕ ਦੇ ਰਿਹਾ ਹੈ
ਸ਼ਇਦ ਕੋਈ ਮੇਰੇ ਜਿਹਾ ਹੀ ਪਾਗਲ
ਬੀਤੇ ਵੇਲਿਆਂ ਦੀ ਰੋਸ਼ਨੀ
ਆਪਣੀ ਬੁੱਕਲ 'ਚ ਲੈ
ਹਨੇਰੀ ਰਾਤ ਦੇ ਖੌਫ਼ਨਾਕ ਰਾਹਾਂ ਤੇ
ਤੁਰਿਆ ਜਾ ਰਿਹਾ ਹੋਵੇਗਾ
ਥੋੜੀ ਲੱਗੀ ਹੋਵੇਗੀ ਠੰਡਕ
ਰਤਾ ਕੁ ਚੈਨ ਲੈਣ ਲਈ
ਕਿਸੇ ਦੂਸਰੇ ਦੇ ਦਰਾਂ ਮੂਹਰੇ
ਰੁਕ ਗਿਆ ਹੋਵੇਗਾ

ਭੁੱਲ ਗਿਆ ਹੋਵੇਗਾ
ਤੁਰਦਿਆਂ ਤੁਰਦਿਆਂ
ਰਾਹਾਂ ਦਾ ਧੂੰਆਂ
ਗੁਬਾਰ ਬਣ
ਆਦਮੀ ਦੇ ਜਿਸਮ ਦੁਆਲੇ ਲਿਪਟ ਜਾਂਦਾ ਹੈ
ਜਿਸ ਥਾਣੀ ਦਿਸਦੀ ਨਾ ਉਸਦੀ ਹੋਂਦ, ਉਸਦਾ ਆਪਾ
ਬਸ ਨਿਰਾ  ਇਕ ਧੂੰਏਂ ਦਾ ਬੱਦਲ
ਹਮੇਸ਼ਾ ਤੁਰਿਆ ਨਜ਼ਰ ਆਉਂਦਾ ਹੈ

## ਦਸਤਕ 3.

ਇਹ ਕੋਣ ਹੈ?
ਜੋ ਦਸਤਕ ਦੇ ਰਿਹਾ ਹੈ

ਸ਼ਾਇਦ ਇਹ ਕਾਲੀ ਰਾਤ ਦਾ ਸੁਪਨਾ ਹੈ
ਕੋਈ ਸਿਵਿਆਂ 'ਚ ਹਲ੍ਹ ਵਾਹੁੰਦਾ
ਉਖਾੜ ਉਖਾੜ ਕੇ ਸੁੱਟੀ ਜਾ ਰਿਹਾ ਹੈ
ਦੱਬੀਆਂ ਰੂਹਾਂ, ਹੱਡੀਆਂ, ਕੰਕਾਲ, ਪਿੰਜਰ
ਹਲ੍ਹ ਦੇ ਫ਼ਾਲ੍ਹੇ ਨਾਲ ਬੱਝਿਆ ਇਕ ਖੰਜਰ
ਹਨੇਰੇ 'ਚ ਲਿਸ਼ਕਦਾ
ਸਿਸਕੀਆਂ, ਸਹਿਮੀਆਂ ਰੂਹਾਂ ਨੂੰ
ਢਾਰਸ ਬੰਧਾਉਂਦਾ ਹੈ

ਮੈਂ ਵੀ ਪਤਾ ਨੀ ਕਿਉਂ
ਹਰ ਰੋਜ਼ ਤੜਕਸਾਰ ਜਾਗ ਪੈਂਦਾ ਹਾਂ
ਕਿਉਂ ਨਹੀਂ ਜਾਗਦਾ ਰਹਿੰਦਾ
ਹਰ ਪਲ, ਘੜੀ, ਤਿੱਥ, ਮਹੂਰਤ
ਤਾਰਿਆਂ ਦੇ ਨਾਲ ਨਾਲ ਤੁਰਦਾ
ਧਰਤੀ ਦੀ ਪਰਕਰਮਾ ਕਰਦਾ

ਕਿਉਂ ਮੈਂ
ਸੰਖ ਤੇ ਘੜਿਆਲ ਦੀਆਂ ਆਵਾਜ਼ਾਂ ਦਾ
ਆਦੀ ਹੋ ਗਿਆਂ ਹਾਂ
ਕਿਉਂ ਮੈਨੂੰ ਕੁਝ ਆਵਾਜ਼ਾਂ ਕੁਝ ਸਵਰ ਹੀ

ਜਾਗਣ ਦਾ ਸੱਦਾ ਦਿੰਦੇ ਹਨ
ਉਹ ਵੀ ਜਦ ਬੂਹੇ ਖੜੀ
ਕੋਈ ਸ਼ੁਭ ਪ੍ਰਭਾਤ ਨਾ ਹੋਵੇ
ਚੰਦਰੀ ਕੋਈ ਕਾਲੀ ਸਵੇਰ
ਮੇਰੇ ਵੱਲ ਵਿੱਟ ਵਿੱਟ ਤੱਕਦੀ
ਮੇਰੇ ਧੁਰ ਅੰਦਰ
ਕਿੱਧਰੇ ਧੁੱਸ ਜਾਣ ਦੀ ਜ਼ਿਦ ਕਰ ਰਹੀ ਹੋਵੇ

ਇਹ ਕੌਣ ਹੈ?
ਜੋ ਦਸਤਕ ਦੇ ਰਿਹਾ ਹੈ---

## ਆਹਟ

ਮੈ ਆਹਟ ਸੁਣ ਰਿਹਾ ਹਾਂ
ਸ਼ਾਇਦ ਉਹ ਆ ਰਿਹਾ ਹੈ
ਦਰਵਾਜੇ ਦੀ ਕੁੰਡੀ ਸੰਗ  ਬੱਝਿਆ ਸੰਗਲ
ਵਾਰ ਵਾਰ ਖੜਕ ਰਿਹਾ ਹੈ

ਬਾਰੀਆਂ ਦੀਆਂ ਸ਼ੀਥਾਂ ਥਾਣੀ
ਲੰਘ ਰਹੀਆਂ ਨੇ ਕੁਝ ਧੁੱਪ ਦੀਆਂ ਕਾਤਰਾਂ
ਵਰਿਆਂ ਦੀ ਜੰਮੀ ਬਰਫ਼ ਨਾਲ ਖਹਿੰਦੀਆਂ
ਠੰਡੀਆਂ ਸੀਤ ਹੋ ਰਹੀਆਂ ਨੇ
ਧੁੱਪ ਨੂੰ ਵੀ ਜਿੰਦਾ ਰਹਿਣ ਲਈ
ਚਾਹੀਦਾ ਹੈ ਹਨ੍ਹੇਰਾ
ਨਾ ਕਿ ਸੀਤ ਬਰਫ਼

ਠੰਡੇ ਬਰਫ਼ਾਨੀ ਮੌਸਮਾਂ ਦੀਆਂ
ਸਰਦ ਰਾਤਾਂ ਨਾਲ ਖੇਡਦਾ
ਹੁਣ  ਉਹ ਜਵਾਨ ਹੋ ਗਿਆ ਹੈ
ਸਮੇਂ ਦੀ ਇਸ ਭਿਆਨਕ ਇਕੱਲ 'ਚ
ਗੁਜਰਦੇ ਕਿਸੇ ਤਨਾਓ ਵਾਂਗ
ਹਮੇਸ਼ਾ ਮੇਰੇ ਨਾਲ ਨਾਲ ਤੁਰਿਆ ਰਹਿੰਦਾ ਹੈ

ਛੰਦਹੀਣ ਬੋਲਾਂ ਦਾ ਦੁਹਰਾਓ
ਜਾਂ ਕੋਈ ਬੇਸੁਰਾ ਗੀਤ
ਹਮੇਸ਼ਾ ਉਸਦੀ ਚੇਤਨਾ ਦੇ ਆਰ ਪਾਰ ਫੈਲਦਾ ਹੈ

ਮਿੱਟੀ ਦੀ ਇਸ ਮੂਰਤ 'ਚ
ਛੁੱਪਿਆ ਕੋਈ ਅਮੂਰਤ ਰੱਬ
ਸਮੂਰਤ ਰੱਬ ਦੀ ਹੋਂਦ ਬਣ

ਹਰ ਰੋਜ
ਮੇਰੇ ਹੱਥਾਂ 'ਚੋ
ਕਿਧਰੇ ਕਿਰ ਜਾਂਦਾ ਹੈ

ਵਹਿਣ ਲੱਗ ਪੈਂਦਾ ਹੈ
ਕੋਈ ਆਦਿਵਾਸੀ ਜਨੂੰਨ
ਜੋ ਉਸ ਨੂੰ ਵਾਰ ਵਾਰ
ਮੇਰੀ ਹੋਂਦ ਤੋ ਅਲੱਗ ਕਰ ਦਿੰਦਾ ਹੈ

ਮੈ ਸੁਪਨੇ ਤੇ ਅਸਲੀਅਤ ਵਿਚਕਾਰ
ਭਟਕਦਾ ਰਹਿੰਦਾ ਹਾਂ ਦਿਨ ਰਾਤ
ਮੇਰੇ ਲਈ ਢਲ ਰਹੇ ਪ੍ਰਛਾਵੇਂ ਵੀ
ਕਈ ਵਾਰ ਰਾਤ ਬਣ ਜਾਂਦੇ ਨੇ
ਤੇ ਰਾਤ!
ਹਜ਼ਾਰਾਂ ਸੂਰਜਾਂ ਦੇ ਖਿੜ ਜਾਣ ਦਾ
ਕੋਈ ਸ਼ੁਭ ਅਵਸਰ

ਸਮੇ ਦੇ ਇਸ ਬਹੁਕਾਲੀ ਸਰੂਪ 'ਚ
ਮੈ ਹਮੇਸ਼ਾ
ਆਪਣਾ ਵਰਤਮਾਨ ਲੱਭਦਾ ਰਹਿੰਦਾ ਹਾਂ
ਕਦੇ ਮੈਂ ਭੂਤ ਵਿਚ ਜੀਂਦਾ ਹਾਂ
ਕਦੇ ਭਵਿੱਖ 'ਚ
ਤਦ ਹੀ ਮੇਰੀ ਅਖੰਡ ਹੋਂਦ
ਖੰਡ ਖੰਡ ਹੋ ਕਿਧਰੇ ਬਿਖਰ ਜਾਂਦੀ ਹੈ
ਲੱਭਦਾ ਲੱਭਦਾ ਉਸਨੂੰ
ਗੁਆਚ ਜਾਂਦਾ ਹਾਂ ਮੈਂ

ਧਰਤੀ ਦੀਆਂ ਅਨੇਕਾਂ ਨੁਕਰਾਂ 'ਚੋ ਆ ਰਹੀ
ਅਸੰਖ ਫੁੱਲਾਂ ਦੀ ਖ਼ੁਸ਼ਬੋ
ਜ਼ੋਰਦਾਰ ਵਹਿ ਰਹੇ ਪਹਾੜੀ ਦਰਿਆਵਾਂ ਦੀ ਗਰਜ
ਅੰਬਰ ਵਲੋਂ ਡਿਗ ਰਹੇ
ਹਜ਼ਾਰਾਂ ਝਰਨਿਆਂ ਦਾ ਸ਼ੋਰ
ਧਰਤੀ ਦੀ ਹਿੱਕ ਤੇ
ਹੌਲੀ ਹੌਲੀ ਸਰਕ ਰਹੀਆਂ
ਕੂਲਾਂ ਦਾ ਨਾਦ
ਇਹ ਹੌਲੇ ਹੌਲੇ ਮੇਰੀ ਸਿਮਰਤੀ 'ਚ
ਸਭ ਗੁੰਮ ਗੁਆਚ ਜਾਂਦਾ ਹੈ–

ਸ਼ਾਇਦ ਆ ਰਿਹਾ ਹੈ ਓਹ!
ਮੈ ਆਹਟ ਸੁਣ ਰਿਹਾ ਹਾ
ਖੜਕ ਰਿਹਾ ਹੈ ਸੰਗਲ।

## ਖਿੜਕੀ

ਖਿੜਕੀ ਦੇ ਬਾਹਰੋ ਆਉਂਦੀ ਲੋ ਥਾਣੀ
ਮੈਂ ਪਰਦੇ ਦੀ ਟੈਕਸਚਰ ਨੂੰ ਵੇਖਦਾ ਹਾਂ
ਛੋਟੇ ਛੋਟੇ ਰੋਸ਼ਨੀ ਦੇ ਧੱਬੇ
ਟੈਕਸਚਰ ਨੂੰ ਹੋਰ ਉਘਾੜਦੇ ਨੇ
ਲੰਮੀਆਂ ਮੁਲਾਇਮ ਟਾਹਣੀਆਂ
ਟਾਹਣੀਆਂ ਤੇ ਸੁਹਲ ਸੁਹਲ ਪੱਤੀਆਂ
ਗੁਲਾਬੀ, ਜਾਮਣੀ, ਅਨਾਨਾਸੀ ਰੰਗਾਂ ਦੇ
ਖਿੜੇ ਫੁੱਲਾਂ ਦੇ ਗੁਲਦਸਤੇ
ਸ਼ੋਖ ਰੰਗਾਂ ਦੇ ਹੋਰ ਕਈ ਵੇਲ ਬੂਟੇ

ਖਿੜਕੀ ਤੋਂ ਨਜ਼ਰ ਹਟਾ
ਥੋੜੀ ਦੇਰ ਲਈ ਮੈਂ ਕਮਰੇ ਵੱਲ ਵੇਖਣ ਲੱਗ ਪੈਂਦਾ ਹਾਂ
ਸਾਵੀਆਂ, ਅਡੋਲ, ਚਿਰਾਂ ਤੋਂ ਖੜੀਆਂ
ਪਥਰੀਲੀਆਂ ਕੰਧਾਂ
ਕੰਧ ਚਿੱਤਰ
ਚਿੱਤਰਾਂ 'ਚ ਮੁਸਕਰਾਉਂਦੀਆਂ ਮੂਰਤਾਂ
ਮੂਰਤਾਂ ਦੇ ਨਕਸ਼
ਪੁਰਾਣੀਆਂ ਪੁਸ਼ਤਾਂ ਦਾ ਹੰਭਿਆ ਹਾਰਿਆ
ਸੋਗੀ ਇਤਿਹਾਸਕ ਵਰਤਮਾਨ

ਸਮੇਂ ਦੇ
ਇਸ ਵਿਕਰਾਲ ਛਿਣ 'ਚ
ਮੈਂ ਥੋੜੀ ਦੇਰ ਲਈ ਠਹਿਰ ਜਾਂਦਾ ਹਾਂ
ਸਹਿਮ ਜਾਂਦਾ ਹਾਂ

ਬਾਹਰ ਕੁੰਡੀ ਖੜਕਦੀ ਹੈ
ਕਿਸੇ ਦੇ ਪੈਰਾਂ ਦੀ ਆਹਟ ਸੁਣਾਈ ਦਿੰਦੀ ਹੈ
ਥੋੜਾ ਸੰਭਲ ਜਾਂਦਾ ਹਾਂ ਮੈਂ

ਤੇ ਫਿਰ
ਪਰਦੇ ਦੀ ਟੈਕਸਚਰ ਨੂੰ ਵੇਖਣ ਦੀ ਕੋਸ਼ਿਸ਼ ਕਰਦਾ ਹਾਂ
ਵੱਡੇ ਵੱਡੇ ਰੋਸ਼ਨੀ ਦੇ ਦਾਇਰੇ
ਪਰਦੇ ਦੀ ਟੈਕਸਚਰ ਨੂੰ ਹੋਰ ਉਘਾੜਦੇ ਨੇ
ਸੁਹਲ ਸੁਹਲ ਹਰੀਆਂ ਪੱਤੀਆਂ
ਗੁਲਾਬੀ, ਜਾਮਣੀ, ਅਨਾਨਾਸੀ ਰੰਗਾਂ ਦੇ
ਖ਼ੂਬਸੂਰਤ ਗੁਲਦਸਤੇ
ਸ਼ੋਖ ਰੰਗਾਂ ਦੇ ਹੋਰ ਕਈ ਵੇਲ ਬੂਟੇ-
ਤੇ ਇਕ ਮਟਮੈਲਾ ਜਿਹਾ ਦਰਿਆ
ਜੋ ਖਿੜਕੀ ਦੀ ਲੌਂ ਥਾਣੀ
ਵਹਿ ਰਿਹਾ ਹੈ
ਲਗਾਤਾਰ!

# ਕਾਰਟੂਨ ਸ਼ੋ

ਸੋਫ਼ੇ ਦੀ ਨੁੱਕਰ ਨਾਲ ਸਿਰ੍ਹਾਣਾ ਲਗਾਈ
ਲੇਟਿਆ ਮੇਰਾ ਬੱਚਾ
ਕਾਰਟੂਨ ਵੇਖ ਰਿਹਾ ਹੈ
ਹੈਰੀ, ਸੈਮੀ, ਟੋਮੀ, ਜੈਰੀ,
ਸਭਨਾਂ ਦੇ ਨਾਵਾਂ ਤੋ ਵਾਕਿਫ਼
ਅਜੀਬੋ-ਗਰੀਬ ਪਿਆਰੀਆਂ ਪਿਆਰੀਆਂ
ਹਰਕਤਾਂ ਕਰਦੇ ਵੇਖ
ਉਹ ਖਿੜ ਖਿੜਾ ਕੇ ਹੱਸ ਪੈਂਦਾ ਹੈ
ਉਹ ਉਸਦੇ ਉਸ ਸਮੇ ਦੇ ਸਾਥੀ
ਦਰਿਆ ਟੱਪਦੇ ਨਦੀਆਂ ਨਾਲਿਆਂ ਨੂੰ
ਮੁੱਠ ਕੁ ਰੇਤਾ ਨਾਲ ਪੂਰ ਦਿੰਦੇ
ਅਕਾਸ਼ ਨੂੰ ਇਕ ਹੋਲ ਸਮਝ
ਵਾਰ ਵਾਰ ਉਸ ਅੰਦਰ ਵੜਦੇ ਵਿਚਰਦੇ
ਉਨ੍ਹਾਂ ਦੀਆਂ ਹਰਕਤਾਂ ਸ਼ਰਾਰਤਾਂ ਵੇਖ
ਉਹ ਖਿੜ ਖਿੜਾ ਕੇ ਹੱਸ ਪੈਂਦਾ ਹੈ!

ਰਸੋਈ ਦੀ ਨੁੱਕਰ 'ਚ
ਉਦਾਸ ਖੜੀ ਮੇਰੀ ਔਰਤ
ਕੈਨਵਸ ਤੇ ਵੇਲਣਾ ਉਤਾਰ ਰਹੀ ਹੈ

ਸਰਦੀ ਦੇ ਕਹਿਰ ਤੋ ਬਚਣ ਲਈ
ਕਮਰੇ ਦੀ ਸਿੱਲ 'ਚ ਬੈਠੀ ਮੇਰੀ ਮਾਂ
ਚੁੱਪਚਾਪ
ਰਜਾਈ ਤੇ ਗਲੇਫ਼ ਚੜ੍ਹਾ ਰਹੀ ਹੈ

ਰਾਤ ਦਾ ਹਨ੍ਹੇਰ ਦਰਾਂ ਮੂਹਰੇ ਆ
ਠਹਿਰ ਗਿਆ ਹੈ

ਮੈਂ ਅੰਦਰ ਆ
ਬੈਠਕ ਦੀ ਇਕ ਨੁੱਕਰ ਪਈ ਸ਼ਰਾਬ ਨੂੰ ਸੁੰਘਦਾ ਹਾਂ
ਗਲਾਸੀ 'ਚ ਪਾ
ਗਟਾਗਟ ਅੰਦਰ ਰੋੜ ਦਿੰਦਾ ਹਾਂ
ਕੌੜੇ ਕੁਸੈਲੇ ਅਨੁਭਵਾਂ ਦੀ ਆਮਦ
ਸ਼ੁਰੂ ਹੋ ਜਾਂਦੀ ਹੈ
ਗਲਾਸ ਵਾਰ ਵਾਰ ਭਰ ਉਛਲਦਾ ਹੈ
ਮਨ ਦੀ ਕਚਿਆਣ ਵਾਂਗ

ਖਾਣੇ ਦੀ ਮੇਜ ਤੋਂ ਆਵਾਜ਼ ਆਉਂਦੀ ਹੈ
ਸੋਫ਼ੇ ਤੇ ਲੇਟਿਆ ਬੇਟਾ ਮੇਰਾ
ਖਾਣਾ ਖਾਣ ਤੋਂ ਇਨਕਾਰ ਕਰਦਾ ਹੈ

ਸਾਡੇ ਸਾਰਿਆਂ ਦੇ ਚਿਹਰਿਆਂ ਨੂੰ
ਗਹੁ ਨਾਲ ਵੇਖਦਾ

## ਹੇ ਪਿਤਾ

ਹੇ ਪਿਤਾ!
ਮਨ ਜਜ਼ਬਾਤੀ ਘੜੀਆਂ 'ਚ
ਤੈਨੂੰ ਯਾਦ ਕਰਦਾ ਹੈ
ਹੇ ਮਾਤਾ!
ਜਨਣਹਾਰੀ
ਤੇਰੇ ਅਪਾਰ ਮੋਹ ਦੀ ਬਖ਼ਸ਼ਿਸ਼
ਵੇਖ ਮੈਂ
ਧਰਤੀ ਦੇ ਅਸੰਖ ਕੀਟ ਪਤੰਗਿਆਂ ਦੀ ਦੌੜ 'ਚ
ਨੰਗਾ ਖੜਾ
ਤੁਹਾਨੂੰ ਦੋਵਾਂ ਨੂੰ ਯਾਦ ਕਰ ਰਿਹਾ ਹਾਂ
ਤੁਸੀਂ ਤਾਂ ਸ਼ਾਇਦ
ਭੁੱਲ ਹੀ ਗਏ ਹੋਵੋਗੇ
ਬੀਤੀ ਰਾਤ ਦੇ ਸੁਪਨੇ ਵਾਂਗ
ਮੇਰੇ ਵਜ਼ੂਦ, ਮੇਰੀ ਹਸਤੀ ਨੂੰ
ਪਰ ਮੈਂ
ਪਲ ਪਲ
ਛਿਣ ਛਿਣ
ਸਮੇਂ ਦੇ ਸਭ ਤੋਂ ਮਸੂਮ ਪਲਾਂ ਨਾਲ ਖੇਡਦਾ
ਰੰਗ ਬਦਲਦਾ ਰਿਹਾ ਹਾਂ
ਆਪਣੀ ਹੋਂਦ ਸੰਭਾਲੀ
ਮਾਂ ਦੇ ਗਰਭ ਥਾਣੀ
ਸੁਣਦਾ ਰਿਹਾ ਭੋਗਦਾ ਰਿਹਾਂ
ਭਿਆਨਕ ਅਵਾਜਾਂ ਦਾ ਸ਼ੋਰ, ਹਿੰਸਾ ਕੁਰਲਾਹਟ
ਅੱਗ ਦੀਆਂ ਲਪਟਾਂ ਨਾਲ ਖੌਲਦਾ
ਉਹ ਖੂਨੀ ਦਰਿਆ
ਜਿਸ ਨੂੰ ਪਾਰ ਕਰ

ਸ਼ਾਇਦ ਅਸੀਂ ਵਾਰ ਵਾਰ ਆਉਂਦੇ ਹਾਂ
(ਇਹੀ ਸਾਡੇ ਧਰਮ ਗ੍ਰੰਥਾਂ 'ਚ ਲਿਖਿਆ ਹੈ)
ਇਹੀ ਮਾਣਸ ਵਿਥਿਆ
ਇਹੀ ਹੋਣੀ!

ਮੇਰੇ ਆਉਣ ਤੋਂ ਪਹਿਲਾਂ
ਤੁਸੀਂ ਕਦੇ ਚਿਤਵਿਆ ਵੀ ਨਹੀ ਹੋਵੇਗਾ
ਕਿ ਇਹ ਨਿਹੱਥਾ ਕੱਲਾ ਕਾਰਾ ਜੀਵ
ਇਸ ਮਰਨ ਲੋਕ 'ਚ ਆ
ਸਮੇਂ ਦੇ ਚੱਕਰਵਿਊ ਨੂੰ ਤੋੜਨਾ
ਕਿਸ ਤਰ੍ਹਾਂ ਸਿੱਖੇਗਾ?

ਕਿਸ ਤਰ੍ਹਾਂ ਇਹ
ਅਕਾਸ਼ ਦੀ ਅਸੀਮ ਨੀਲੱਤਣ ਵੱਲ ਵੇਖਦਾ
ਉਸਦੇ ਵਜੂਦ ਨੂੰ ਮਾਪਣ ਦੀ
ਜਗਿਆਸਾ ਕਰੇਗਾ
ਕਿਸ ਤਰਾਂ ਇਹ
ਅਣਗਿਣਤ ਪ੍ਰਸ਼ਨ ਲੈ
ਵਾਰ ਵਾਰ
ਧਰਤੀ ਦੇ ਇਕ ਇਕ ਜੀਵ ਕੋਲ ਜਾਵੇਗਾ
ਤੇ ਨਿਰਾਸ਼ ਹੋ
ਪਰਤ ਆਵੇਗਾ
ਜਲ ਥਲ ਮਹੀਅਲ ਦੇ ਸਾਰੇ ਪਸਾਰੇ ਨੂੰ
ਜਾਨਣ ਦੀ ਲੋਚਾ ਕਰੇਗਾ
ਜੀਵਨ ਦੇ ਇਸ ਮਹਾਨ ਅਗਨ ਰੱਥ 'ਚ
ਕਿਹੜੀ ਪੁਸ਼ਾਕ ਪਹਿਨ

ਉਹ ਵਰ੍ਹਿਆਂ ਦਾ ਪੈਂਡਾ ਤਹਿ ਕਰੇਗਾ
ਕਾਲ ਦੇ ਇਕ ਸਿਰੇ ਤੋਂ ਤੁਰਦਾ
ਦੂਸਰੇ ਸਿਰੇ ਦੀ ਤਲਾਸ਼ ਤੱਕ
ਆਪਣਾ ਆਪ ਸੁਆਹ ਕਰ ਲਵੇਗਾ
ਕਿਸੇ ਫੀਨੀਕਸ ਵਾਂਗ!

ਅਗਨ ਰੱਥ ਤੁਰਦਾ ਜਾਵੇਗਾ
ਵੱਧਦਾ ਜਾਵੇਗਾ
ਦੇਸ਼ ਦੇਸ਼ਾਂਤਰਾ ਵੱਲ, ਜੁੱਗਾਂ ਜੁਗਾਂਤਰਾਂ ਵੱਲ

ਹੇ ਮੇਰੇ ਪੂਰਵਜੋ
ਕਾਲ ਦੇ ਇਸ ਭਿਆਨਕ ਹਨ੍ਹੇਰ ਫ਼ਸਿਆ
ਮੈਂ ਤੁਹਾਨੂੰ ਦੋਵਾਂ ਨੂੰ ਯਾਦ ਕਰ ਰਿਹਾ ਹਾਂ
ਤੁਸੀਂ ਜਿੱਥੇ ਕਿਤੇ ਵੀ ਹੋਵੋ
ਸੁਤੰਤਰ-ਅਸੁਤੰਤਰ
ਜਾਂ ਲਗਾਤਰ ਭੋਗਦੇ ਹੀ ਹੋਵੋਗੇ ਮੇਰੇ ਵਾਂਗ
ਉਹੀ ਸੰਤਾਪ
ਜੀਵਨ'ਚ ਆ ਲੈਣ ਤੋਂ ਬਾਅਦ ਦਾ

ਮਨ ਜਜ਼ਬਾਤੀ ਘੜੀਆਂ 'ਚ
ਤੁਹਾਨੂੰ ਯਾਦ ਕਰਦਾ ਹੈ

## ਵਰਤਮਾਨ

ਪਲਕਾਂ ਹੇਠ ਵਹਿ ਰਹੇ ਨੇ ਹੰਝੂ
ਲਹੂ ਵਿੱਚ ਪਲ ਰਿਹਾ ਹੈ
ਸੋਗੀ ਵਰਤਮਾਨ
ਪਤਾ ਨਹੀ ਮੈਂ
ਕਿਹੋ ਜਿਹੇ ਕਲਾਸਕੀ ਯੁੱਗ ਦੀ ਉੱਪਜ ਹਾਂ
ਕਦੇ ਵੀ ਕਿਤੇ ਵੀ
ਆਪਣੇ ਪੂਰੇ ਵਜੂਦ ਸਮੇਤ ਜੀਅ ਨਹੀ ਰਿਹਾ ਹੁੰਦਾ
ਸਮੇਂ 'ਚ ਵਹਿ ਰਿਹਾ ਹੁੰਦਾ ਹੈ
ਮੇਰਾ ਵਰਤਮਾਨ
ਲਹੂ ਵਿਚ ਤਰ ਰਿਹਾ ਹੁੰਦਾ ਹੈ
ਮੇਰਾ ਅਤੀਤ
ਮੇਰੇ ਰਿਸ਼ਤਿਆਂ ਦਾ ਅਵਾਰਾਪਨ
ਜੋ ਮੈਨੂੰ ਹਮੇਸ਼ਾ ਮੇਰੀ ਹੋਂਦ ਤੋ ਦੂਰ ਰੱਖਦਾ ਹੈ

ਮੈਂ ਤੇ ਮੇਰਾ ਜਿਸਮ
ਜਾਂ ਦੋਵੇਂ ਅਸੀਂ
ਸਿਮਰਤੀਆਂ ਦੇ ਬੋਝ ਤੋ ਮੁਕਤ ਹੋ
ਖਿੜ ਖਿੜਾ ਕੇ ਹੱਸਣਾ ਚਾਹੁੰਦੇ ਹਾਂ
ਸ਼ਬਦ ਤੇ ਭਾਵ ਦੇ ਸਮੀਕਰਨਾਂ ਤੋ ਮੁਕਤ ਹੋ
ਇਕ ਹੋਰ ਨਵਾਂ ਸਮੀਕਰਨ ਰਚਣਾ ਚਾਹੁੰਦੇ ਹਾਂ

## ਲਾਲਟੈਨ

ਲਾਲਟੈਨ ਜ਼ਰੂਰੀ ਹੈ

ਗੁੰਮ ਗਏ ਲੋਕਾਂ ਲਈ ਵੀ
ਪਰਦੇਸ ਗਏ ਲੋਕਾ ਦੇ ਚੇਤਿਆਂ 'ਚ ਵੀ
ਲਾਲਟੈਨ ਦਾ ਤਸੱਬਰ ਜਿੰਦਾ ਰਹਿਣਾ ਚਾਹੀਦਾ ਹੈ
ਲਾਲਟੈਨ ਜ਼ਰੂਰੀ ਹੈ
ਸਿਰਫ ਵੇਖਣ ਲਈ ਹੀ ਨਹੀ
ਤੁਰਨ ਲਈ ਵੀ
ਲਾਲਟੈਨ ਜ਼ਰੂਰੀ ਹੈ

ਮਿਉਂਸਪੈਲਿਟੀ ਦੇ ਖੰਭੇ ਨਾਲ ਟੰਗਿਆ ਇਹ ਬੱਲਬ
ਪਤਾ ਨਹੀ ਕਦ ਬੁੱਝ ਜਾਵੇ
ਵਿਆਕੁਲ ਰਾਤ ਦੇ ਭਿਆਨਕ ਹਨ੍ਹੇਰ 'ਚ
ਚਲਦੇ ਬਲਦੇ ਰਹਿਣ ਦਾ ਜੋਸ਼ ਮੱਧਮ ਪੈ ਜਾਵੇ
ਇਸ ਲਈ ਚਲਦੇ ਤੇ ਬਲਦੇ ਰਹਿਣ ਲਈ
ਲਾਲਟੈਨ ਜ਼ਰੂਰੀ ਹੈ

ਸਿਫਰਾਂ 'ਚ ਘੁੰਮਦਾ ਹੋਇਆ ਮੈਂ
ਜਦ ਕਦੇ ਵੀ
ਨਿਰੋਲ ਨੰਗੇ ਆਪਣੇ ਜਿਸਮ ਨੂੰ ਵੇਖ ਰਿਹਾ ਹੁੰਦਾ ਹਾਂ
ਤਾਂ ਕੰਧ ਦੇ ਦੂਸਰੇ ਪਾਰੋਂ
ਕੋਈ ਨਜ਼ਰ ਝਾਕ ਰਹੀ ਹੁੰਦੀ ਹੈ ਮੈਨੂੰ

ਕੰਧ ਦੇ ਉਸ ਪਾਰ ਵੇਖਣ ਲਈ ਵੀ
ਲਾਲਟੈਨ ਜ਼ਰੂਰੀ ਹੈ

ਨੇਤਰਹੀਣ ਰਾਤ ਦਾ ਜੁਗਾੜ
ਕਿਸੇ ਅਣਸੁਣੀ ਅਣਕਹੀ ਇੱਛਾ ਵਾਂਗ
ਜਦ ਕਦੀ ਮੇਰੇ ਜਿਸਮ ਨਾਲ ਖੇਡਦਾ ਹੈ
ਤਾਂ ਕੋਲ ਬਾਲ ਕੇ ਰੱਖ ਲੈਂਦਾ ਹਾਂ ਮੈਂ
ਆਪਣੀ ਲਾਲਟੈਨ
ਲਾਲਟੈਨ ਜ਼ਰੂਰੀ ਹੈ

ਜਿਸ ਅੰਨੇ ਯੁੱਗ ਦੇ ਵਿਚਕਾਰ
ਅਸੀਂ ਕੱਲੇ ਕੱਲੇ ਭਟਕ ਰਹੇ ਹਾਂ
ਸਾਡੇ ਸਭਨਾਂ ਲਈ
ਲਾਲਟੈਨ ਜ਼ਰੂਰੀ ਹੈ

## ਵਿਸਰ ਰਹੇ

ਵਿਸਰ ਰਹੇ ਨੇ ਚੇਤੇ 'ਚੋਂ
ਉਹ ਪਲ ਛਿਣ
ਹਾਏ! ਉਹ ਪਲ ਛਿਣ

ਰਾਤ ਸੰਨਾਟਾ ਤੁਰਦਾ ਸੀ
ਮੇਰੇ ਧੁਰ ਅੰਦਰ
ਅੰਤੜੀਆਂ 'ਚ ਜਾਗ ਰਹੇ ਸਨ
ਉਹ ਪਲ ਛਿਣ

ਲੰਮੀ ਕਾਲੀ ਰਾਤ ਸੀ
ਕੁਹਰਾ ਸਰਦਲ ਤੇ
ਸਾਂਭ ਰੱਖੇ ਪ੍ਰਭਾਤ ਲਈ ਸਨ
ਉਹ ਪਲ ਛਿਣ

ਰਾਤ ਹਨੇਰੀ ਝੁੱਲੀ
ਪਤ ਸਭ ਬਿਖਰ ਗਏ
ਫੁੱਲਾਂ ਦੀ ਸੌਗਾਤ ਲਈ ਸਨ
ਉਹ ਪਲ ਛਿਣ

ਤੁਰਿਆ ਜਦ ਆਥਣ ਨੂੰ
ਰਾਹੀ ਦੂਰ ਬੜੀ
ਸੁਪਨਿਆ ਦੀ ਸੌਗਾਤ ਲਈ
ਉਹ ਪਲ ਛਿਣ

ਵਿਸਰ ਰਹੇ ਨੇ ਚੇਤੇ 'ਚੋ
ਉਹ ਪਲ ਛਿਣ

## ਤੀਲਾ

ਕੋਈ ਵੀ ਕਿਤਿਉ ਵੀ
ਕਿਸੇ ਕੱਖ-ਕਾਣ ਜਾਂ ਤੀਲੇ ਨੂੰ ਚੁੱਕ
ਮੇਰੀ ਹਥੇਲੀ ਤੇ ਧਰੋ
ਉਹ ਜੀਅ ਉਠੇਗਾ ਬਲ ਉਠੇਗਾ

ਜੀਣ ਦਾ ਅਰਥ
ਪਏ ਰਹਿਣ 'ਚ ਨਹੀ
ਬਲਦੇ ਰਹਿਣ'ਚ ਹੈ
ਬਲਦੇ ਤੀਲਿਆਂ ਨੂੰ ਵੇਖ
ਸ਼ਾਇਦ ਕੋਈ ਯਾਤਰੀ
ਸੂਹੀ ਲੋ ਦਾ ਆਸਰਾ ਲਈ
ਆਪਣਾ ਪੰਧ ਮੁਕਾ ਸਕੇ

ਤੀਲਾ ਤੀਲਾ ਕਰਕੇ
ਮੇਰੀ ਹਥੇਲੀਆਂ ਤੇ ਧਰਦੇ ਜਾਓ
ਤੇ ਤੁਰਦੇ ਜਾਓ
ਤੁਰਦੇ ਜਾਓ
ਮੇਰੇ ਪਾਂਧੀਓ!

## ਸਈਓ ਨੀ!

ਸਈਓ ਨੀ!
ਅੱਜ ਮੇਰੇ ਸੰਗ ਵੀ ਜਾਗਣ ਤਾਰੇ
ਦਿਹੁੰ ਦਾ ਦੀਪ ਧੁਖੇ ਪਲਕਾਂ ਵਿੱਚ
ਭੀਤਰਿ ਜਾਓ ਕੁਆਰੇ-

ਸਈਓ ਨੀ!
ਮੇਰੀ ਧੜਕਣ ਸੁੰਨੀ
ਹਾਲ ਦਿਲਾਂ ਦਾ ਤਿਲ ਤਿਲ ਜਾਗੇ
ਜਾਗਣ ਮੇਰੇ ਸੰਗ ਡਰ ਸਾਰੇ-

ਸਈਓ ਨੀ!
ਮੈਂ ਤਾਂ ਗੱਲੀਂ ਬਾਤੀਂ
ਸਾਂਝ ਦਿਲਾਂ ਦੀ ਸਾਂਝੀ ਕੀਤੀ
ਲੁਟ ਗਏ ਮੇਰੇ ਚਾਓ ਕੁਆਰੇ-

ਸਈਓ ਨੀ!
ਮੇਰਾ ਸੁਪਨਾ ਜਾਗੇ
ਵਿੱਚ ਨਿੰਦਰਾ ਕੋਈ ਹੋਰ ਨਾ ਜਾਗੇ
ਅੱਗ ਸੰਗ ਸੌਂਵਣ ਕਦ ਅੰਗਿਆਰੇ?

ਸਈਓ ਨੀ!
ਅੱਜ ਮੇਰੇ ਸੰਗ ਵੀ ਜਾਗਣ ਤਾਰੇ।

## ਹਾਏ! ਕੋਈ ਟੁੱਟੇ ਨਾ ਤਾਰਾ

ਹਾਏ! ਕੋਈ ਟੁੱਟੇ ਨਾ ਤਾਰਾ

ਨੀਂਦਰ ਵਿੱਚ ਮੇਰੀ ਸੁਪਨਾ ਵਿਲਕੇ
ਸੁਪਨੇ ਵਿੱਚ ਜੱਗ ਸਾਰਾ

ਨੀਲ ਗਗਨ ਦੇ ਬਸਤਰ ਪਹਿਨੀ
ਪੰਛੀ ਉੱਡੇ ਵਿਚਾਰਾ

ਅੰਬਰ ਵਿੱਚ ਲੱਖ ਸੂਰਜ ਬਲਦੇ
ਧਰਤ ਬਣੀ ਅੰਗਿਆਰਾ

ਰੁੱਤ ਅਗਨ ਦੀ ਬਾਤਾਂ ਪਾਵੇ
ਬਿਰਹਾ ਭਰੇ ਹੁੰਗਾਰਾ

ਖੇੜਿਆਂ ਦੇ ਘਰ ਹੀਰ ਸਲੇਟੀ
ਦਿਲ ਵਿੱਚ ਤਖ਼ਤ ਹਜਾਰਾ

ਰੂਹ ਦੇ ਸੁਪਨੇ ਵੇਚਣ ਤੁਰਿਆ
ਰੀਝਾਂ ਦਾ ਵਣਜਾਰਾ

# ਮਾਂ

ਘਰੋਂ ਤੁਰਦਾ ਹਾਂ
ਤਾਂ ਮਾਂ ਵੇਖਦੀ ਹੈ ਮੇਰੀ ਚਾਲ
ਪਰ ਪੁੱਛੇ ਨਾ ਮੇਰਾ ਹਾਲ
ਕਿਸੇ ਅਣਜਾਣੇ ਭੈ ਤੋਂ ਡਰਦਿਆਂ
ਤੁਰ ਪਿਆਂ ਨੂੰ ਮਗਰੋਂ ਵਾਜ ਨਹੀ ਮਾਰੀਦੀ

ਸੜਕ ਤੇ ਤੁਰਦਾ ਹਾਂ
ਕੋਈ ਪੈੜ ਚਾਲ ਮੇਰੇ ਨਾਲ ਨਾਲ ਚਲਦੀ ਹੈ
ਪਿਛਾਂਹ ਪਰਤ ਕੇ ਵੇਖਦਾ ਹਾਂ
ਕੁਝ ਵੀ ਨਹੀ ਦਿਸਦਾ
ਦੂਰ ਦੂਰ ਤੱਕ ਵੀਰਾਨ ਸੜਕ
ਤਪਦੀ ਦੁਪਿਹਰ 'ਚ ਫੈਲੀ
ਨਾ ਕੋਈ ਬਿਰਖ ਨਾ ਜੀਵ ਜੰਤ
ਅਦਿਖ ਸਹਿਮ
ਝੰਜੋੜ ਕੇ ਰੱਖ ਦਿੰਦਾ ਹੈ-
ਕਿੰਨੀ ਵਾਟ ਕਿੰਨਾ ਸਫ਼ਰ ਕਰ ਆਇਆ ਹਾਂ ਮੈਂ
ਅਗਾਂਹ ਹੋਰ ਕਿੰਨਾ ਪਿਆ
ਤੁਰਦਿਆਂ ਤੁਰਦਿਆਂ
ਕਿੰਨੀਆਂ ਪੁਸ਼ਤਾਂ ਕਿੰਨੇ ਲੋਕ
ਮੇਰੇ ਚਲੇ ਗਏ
ਮੇਰੀ ਮਾਂ ਥੋੜਾ ਜਿਹਾ ਜਾਣਦੀ ਹੈ
ਇਸੇ ਲਈ ਤਾਂ
ਤੁਰ ਗਇਆਂ ਨੂੰ ਮਗਰੋਂ ਵਾਜ ਨਹੀ ਮਾਰਦੀ
ਸੋਚਦੀ ਹੈ
ਕੋਈ ਪਰਤ ਨਾ ਆਵੇ
ਨਿਕੰਮਾ ਨਿਖਸਮਾਂ

ਕਿੰਨਿਆਂ ਕੁ ਨੂੰ ਮੈਂ
ਮੁੜ ਮੁੜ ਸੀਨੇ ਲਾਵਾਂਗੀ
ਮੂੰਹ ਚੁੰਮਾਂਗੀ ਦੇਹ ਸੰਭਾਲਾਂਗੀ
ਮੁੜ ਕਿਸ ਕਿਸ ਦੇ
ਪੋਤੜੇ ਮੈਂ ਸਾਂਭਾਗੀ
ਲੋਰੀਆਂ ਦੇ ਦੇ ਪਾਲਾਂਗੀ
ਖ਼ੂਨ ਦਾ ਇਕ ਇਕ ਕਤਰਾ
ਕਿੰਨੇ ਕੁ ਜਿਸਮਾਂ 'ਚ ਮੁੜ ਧਰਾਂਗੀ
ਪਾਲ ਪਾਲ ਫਿਰ ਵੱਡੇ ਕਰਾਂਗੀ
ਬਾਹਰ ਤੋਰਨ ਤੋਂ ਪਹਿਲਾਂ
ਬੁਰੇ ਸਮਿਆਂ ਤੋਂ ਮੈਂ ਡਰਾਂਗੀ
ਪਲ ਪਲ ਛਿਣ ਛਿਣ
ਘਰੋਂ ਤੁਰ ਗਿਆਂ ਦੀ ਯਾਦ ਵਿੱਚ
ਮੈਂ ਮਰਾਂਗੀ
ਇਸੇ ਲਈ
ਮਾਂ ਪੁੱਛਦੀ ਨਹੀ ਮੇਰਾ ਹਾਲ
ਕਿਸੇ ਅਣਜਾਣੇ ਭੈ ਤੋਂ ਡਰਦਿਆ
ਤੁਰ ਪਿਆਂ ਨੂੰ ਮਗਰੋਂ ਵਾਜ ਨਹੀ ਮਾਰੀਦੀ

## ਅੰਗਿਆਰੇ

ਅੰਗਿਆਰੇ ਲਾਲ ਸੂਹੇ
ਨਿਰੀ ਅੱਗ ਨਾਲ ਭਰੇ
ਹਵਾ ਆਉਦੀ ਹੈ
ਅੱਗ ਦਾ ਲਿਸ਼ਕਾਰਾ
ਹਨੇਰ 'ਚ ਲਿਸ਼ਕਦਾ ਹੈ
ਕੁਝ ਰਾਖ ਉੱਡਦੀ ਹੈ
ਹਵਾ ਵਾਪਸ ਪਰਤ ਜਾਂਦੀ ਹੈ
ਰਾਤ ਸਾਰੀ ਹਨੇਰ ਜਾਗਦਾ ਹੈ
ਤੇ ਸਰਦ ਕੁਹਰਾ
ਦਰੱਖਤਾਂ ਦੀਆ ਟਾਂਹਣਾਂ ਪਾੜ
ਵਿੱਚ ਜਾ ਛੁਪਦਾ ਹੈ
ਦੂਰੋਂ ਤੁਰਦਾ ਆਉਂਦਾ ਕੋਈ ਮੁਸਾਫ਼ਿਰ
ਹਥੇਲੀਆਂ ਤੇ
ਬਲਦੀ ਅਗਨ ਦੇ ਟੋਟੇ ਲੈ
ਕੱਲੇ ਕੱਲੇ ਰੁੱਖ ਕੋਲ ਦੀ ਲੰਘਦਾ ਹੈ
ਅੰਗਿਆਰਾਂ ਵਿੱਚ ਬਦਲਣ ਲਈ
ਸਾਥ ਮੰਗਦਾ ਹੈ
ਰੁੱਖ ਹੋਰ ਸੀਤ ਹੋ ਕੇ
ਹਵਾ ਦਾ ਰੁੱਖ ਵੇਖਦੇ ਹਨ
ਅੰਗਿਆਰਾਂ ਤੋਂ ਝੜਦੀ ਰਾਖ ਦਾ
ਮੁੱਖ ਵੇਖਦੇ ਹਨ

ਰਾਖ ਜੋ ਉੱਡ ਉੱਡ
ਹਰ ਰੋਜ
ਸਾਡੇ ਚਿਹਰਿਆਂ ਉੱਤੇ ਪੈਂਦੀ ਹੈ

## ਬਾਰਿਸ਼

ਬੱਚਾ ਮੇਰਾ
ਖੇਡਦਾ ਖੇਡਦਾ ਦੂਰੋਂ ਮੁਸਕਰਾਉਂਦਾ ਆਉਂਦਾ ਹੈ
ਦੱਸਦਾ ਹੈ ਮੈਨੂੰ
ਹੁਣੇ ਹੁਣੇ ਹੋਈ ਬਾਰਿਸ਼ ਬਾਬਤ
ਬਾਰਿਸ਼ ਦੇ ਪਾਣੀ ਨਾਲ ਧੋਤੀਆਂ
ਘਾਹ ਦੀਆ ਸੂਹਲ ਕਰੂਬਲਾਂ ਤੇ
ਅਟਕੇ
ਪਣ-ਮੋਤੀਆਂ ਦਾ ਸੁਹੱਪਣ
ਤਿੱਤਲੀਆਂ ਦੇ ਪਰਾਂ ਹੇਠ ਠਹਿਰੀ
ਪੌਣ ਦਾ ਕਿੱਸਾ
ਅਸਤ ਹੋ ਰਹੇ ਸੂਰਜ ਦੇ ਰੰਗ
ਰੰਗਾਂ 'ਚ ਘੁਲੀ ਮਿਲੀ ਆਕਾਸ਼ ਗੰਗਾ ਦਾ
ਅਣਕਿਹਾ ਸੁਹੱਪਣ
ਮੈਂ ਚੁੰਮਦਾ ਹਾਂ
ਉਸਦਾ ਮੱਥਾ
ਘੁਟ ਗਲਵੱਕੜੀ 'ਚ ਲੈ
ਉਸਦੀ ਦੀ ਧੜਕਣ ਦਾ ਰਿਦਮ ਸੁਣਦਾ ਹਾਂ
ਤਾਂ ਅਚਨਚੇਤ
ਮੇਰੇ ਅੰਦਰ ਛੁਪੀ ਕਿਸੇ ਅੱਗ ਦਾ
ਮਾਰੂਥਲ ਮਹਿਕ ਉੱਠਦਾ ਹੈ
ਸੋਚਦਾਂ ਹਾਂ
ਸ਼ਾਇਦ ਹੁਣੇ ਹੋਈ ਹੈ ਬਾਰਿਸ਼

## ਸੁਣ ਜਿੰਦੜੀਏ

ਸੁਣ ਜਿੰਦੜੀਏ! ਅੱਗ ਦੇ ਬੋਲ ਨਾ ਬੋਲ
ਬਲਦਾ ਵਾਂਗ ਸ਼ੁਦਾਈਆਂ ਦੇ ਮੈਂ
ਪਹੁੰਚਾ ਤੇਰੇ ਕੋਲ
ਸੁਣ ਜਿੰਦੜੀਏ

ਤੂੰ ਕੀ ਜਾਣੇ ਧਰਤ ਦਾ ਪੈਂਡਾ
ਬਿਖਰ ਜਾਏ ਮਨ ਦੇਹੀ
ਤੂੰ ਕੀ ਜਾਣੇ ਬਾਝ ਸੱਜਣ
ਮੇਰੇ ਮਨ ਦੀ ਹਾਲਤ ਕੇਹੀ
ਬੱਸ ਕੁਝ ਸਾਹਾਂ ਵਿੱਚ ਸੀ ਰਲ਼ਿਆ
ਲੈ ਆਇਆ ਮਹਿਕ ਫਰੋਲ
ਸੁਣ ਜਿੰਦੜੀਏ

ਢਲਦਾ ਦਿਹੁੰ ਤਾਂ ਆਰਾ ਚਲਦਾ
ਤਨ ਪਲ ਛਲਣੀ ਹੋਵੇ
ਨਾ ਕਿਸੇ ਰਾਤ ਬੈਰਾਗੇ ਸੁਪਨਾ
ਨਾ ਕੋਈ ਸੰਧਿਆ ਰੋਵੇ
ਕਿਸਦੀ ਕੁੱਖੋਂ ਮੈਂ ਪੈ ਲੱਭਾ
ਆਪਣੀ ਰੱਤ ਨਿਰੋਲ

ਕੱਲ ਰਾਤੀ ਕੁੱਝ ਜਾਗੇ ਅੱਖਰ
ਬਲਦੇ ਦੀਵਿਆਂ ਥਾਣੀਂ
ਕੱਲ ਰਾਤੀਂ ਮੇਰੇ ਯਾਰ ਸੱਜਣ
ਮੈਂ ਆਪਣੀ ਹੋਂਦ ਪਛਾਣੀ
ਕੱਲ ਰਾਤੀ ਮੈਂ ਬੋਲ ਗਿਆ ਜੋ
ਯਾਦ ਨਾ ਆਵਣ ਬੋਲ
ਸੁਣ ਜਿੰਦੜੀਏ! ਅੱਗ ਦੇ ਬੋਲ ਨਾ ਬੋਲ਼

## ਕਾਲੇ ਸਫ਼ੇ ਤੇ

ਕਾਲੇ ਸਫ਼ੇ ਤੇ ਗੋਰਾ ਅੱਖਰ
ਕਿੰਨਾ ਚਿਰ ਟਿਕ ਪਾਏ
ਦੋ ਚਾਰ ਅੱਖਰ ਪਾ ਲੈ ਜਿੰਦੇ
ਕੀ ਲਿਖਣਾ ਅਧਿਆਇ-

ਬਲਦੇ ਪਹਿਰ ਚੋਮਾਸਾ ਚਲਦਾ
ਤਨ ਮਨ ਅਗਨੀ ਖਾਇ
ਸ਼ੋਰ ਸ਼ੋਰ ਸਭ ਥਾਵੇਂ ਭਰਿਆ
ਜਿੰਦ ਕੀਕੂੰ ਕੁਰਲਾਇ-

ਕੌਣ ਅਗਨ, ਇਹ ਕੌਣ ਆਹੂਤੀ
ਕੌਣ ਦੇਵਤਾ ਆਇਆ
ਘਰ ਘਰ ਵੈਣ, ਸਿਵਾ ਦਰਵਾਜੇ
ਕੇਹੇ ਭਾਗ ਲਿਖਾਇ-

ਮਨ ਵਿਚ ਰੋਸ , ਰੋਸ ਵਿਚ ਰੁਲਦਾ
ਬੱਸ ਇਕ ਬਲਦਾ ਚਿਹਰਾ
ਜਿਸ ਦੀ ਖਾਤਿਰ ਮੈਂ ਨਿੱਤ ਮਰਿਆ
ਮੈਨੂੰ ਹੀ ਸਮਝਾਇ-

ਮਨ ਦੀ ਔੜ , ਰੂਹਾਂ ਦਾ ਬਾਲਣ
ਬਲਦਾ ਸਾਂਝ ਸਵੇਰੇ
ਦੇਹੀ ਨਾਗ ਪਲ੍ਹੇ, ਜਿੰਦ ਕੰਬੇ
ਕੀ ਜਣਿਆ ਮੇਰੀ ਮਾਇ--

## ਪ੍ਰੰਪਰਾ

ਸਦੀਆਂ ਦੀ ਪ੍ਰੰਪਰਾ ਹੈ
ਵੈਦਿਕ ਰਿਸ਼ੀਆਂ ਦਾ ਕਹਿਣਾ ਹੈ
ਹਵਨ ਕੁੰਡ ਲਈ ਸ਼ੁੱਧ ਸਮੱਗਰੀ ਦੀ ਜ਼ਰੂਰਤ ਹੈ

ਵੇਲਾ ਖੁੰਝਦਾ ਜਾ ਰਿਹਾ ਹੈ
ਘੜੀ ਪਲ ਤਿੱਥ ਮਹੂਰਤ
ਬਿਖਰਦੇ ਜਾ ਰਹੇ ਨੇ
ਜਾਓ, ਲਿਆਓ
ਉਹ ਸਾਰੀ ਸਮੱਗਰੀ
ਬਲਣ ਲਈ ਲੱਕੜੀ
ਖੁਸ਼ਬੂ ਲਈ ਚੰਦਨ
ਦੇਵਤੇ ਲਈ ਬਲੀ
ਤੇ ਪਰੋਹਤ ਲਈ ਦਾਨ ਦਕਸ਼ਨਾ

ਵੇਲਾ ਨਿਕਲਦਾ ਜਾ ਰਿਹਾ ਹੈ
ਹਵਨ-ਕੁੰਡ ਤਿਆਰ ਹੈ
ਜਾਓ ਮੇਰੇ ਪੁੱਤਰੋ-ਕਪੁੱਤਰੋ
ਵਾਰਸੋ-ਬੇਵਾਰਸੋ

ਸੱਚ ਪੁਛੋਂ ਤਾਂ
ਮੈਂ ਤਾਂ ਜੀਦੇਂ ਜੀਅ ਹੀ
ਖੁਦ ਬਲਦਾ ਰਿਹਾਂ ਹਾਂ ਸਾਰੀ ਉਮਰ
ਗੰਦਗੀ ਨਾਲ ਭਰੇ ਮਾਹੌਲ 'ਚ ਰਹਿੰਦਾ
ਦੇਵਤੇ ਲਈ ਸਿਰਫ਼ ਨਫ਼ਰਤ ਹੀ ਨਹੀ
ਗਾਲ ਹੈ ਮੇਰੇ ਮਨ ਵਿਚ
ਤੇ ਪਰੋਹਤ ਲਈ
ਸਦੀਆਂ ਦੀ ਘ੍ਰਿਣਾ

ਕਚਿਆਣ ਆਉਂਦੀ ਹੈ
ਉਸਦੇ ਮੱਥੇ ਦਾ ਤਿਲਕ ਵੇਖ ਵੇਖ
ਪੂਰੀ ਕਾਇਨਾਤ ਵੇਦਾਂ 'ਚ ਬੰਨੀ
ਘੁੰਮਦਾ ਰਿਹਾ ਜੋ ਮੇਰੇ ਆਲੇ ਦੁਆਲੇ

ਜਾਓ, ਮੇਰੇ ਪੁੱਤਰੋ ਲਿਆਓ
ਹਵਨ-ਕੁੰਡ ਤਿਆਰ ਹੈ
ਬਲਣ ਲਈ ਲੱਕੜੀ
ਖੁਸ਼ਬੂ ਲਈ ਚੰਦਨ
ਦੇਵਤੇ ਲਈ ਬਲੀ
ਕੋਈ ਲੇਲਾ ਭੇਡ ਬੱਕਰੀ
ਨਹੀਂ ਤਾਂ ਮੈਂ ਖੁੱਦ ਹੀ
ਨਿਰਬਸਤਰ ਹੋ
ਹਵਨ-ਕੁੰਡ ਤੱਕ ਪਹੁੰਚ ਜਾਂਦਾ ਹਾਂ

ਪ੍ਰੰਪਰਾ ਹੈ
ਵੈਦਿਕ ਰਿਸ਼ੀਆਂ ਦਾ ਕਹਿਣਾ ਹੈ

## ਜੀਵਨ

ਬਾਂਸਾ ਦੇ ਜੰਗਲ 'ਚ ਗੁਜ਼ਰਦਿਆਂ
ਛਿਲਤਰਾਂ ਨਾਲ ਛਲਣੀ ਹੋਏ ਬਦਨ ਨੂੰ
ਸਾਥ ਲੈ ਕੇ ਤੁਰਨਾ ਹੈ
ਰੂਹ ਦੇ ਚਸ਼ਮਦੀਦ ਗਵਾਹਾਂ ਦੀ ਹਾਜ਼ਰੀ 'ਚ
ਬੱਸ ਖ਼ਾਮੋਸ਼ ਰਹਿਣਾ ਹੈ।

## ਤੇਰੀ ਹਾਜ਼ਰੀ 'ਚ

ਤੇਰੀ ਹਾਜ਼ਰੀ 'ਚ
ਸਿੱਖ ਰਿਹਾ ਹਾਂ ਮੈਂ
ਕਿਵੇਂ ਕਰੀਦੀ ਹੈ ਡੰਢਉਤ ਖੁਦ ਨੂੰ
ਕਿਵੇਂ
ਚੁੱਪਚਾਪ ਵਿੱਛ ਜਾਈਦਾ ਹੈ
ਪਰਾਏ ਬੋਲਾਂ ਦੀ ਰਹਿਤਲ ਤੇ
ਕਿਵੇਂ
ਢੱਕ ਲਈਦਾ ਹੈ ਵਜੂਦ ਕਿਸੇ ਲੋੜਵੰਦ ਦਾ
ਆਪਣਾ ਸਮਝ ਕੇ
ਕਿਵੇਂ
ਚੁੱਪਚਾਪ ਬਲਦੇ ਸਮੇਂ ਦੀ ਰੋਸ਼ਨੀ ਤੋਂ
ਥੋੜਾ ਪਰਾਂ ਸਰਕ ਕੇ
ਲੈ ਲਈਦਾ ਹੈ ਗੋਦ
ਵਿਆਕੁਲ ਪਲਾਂ ਦੇ ਹਨੇਰਿਆਂ ਨੂੰ–

## ਹੁੰਮਸ

ਬਾਹਰ ਹੁੰਮਸ ਹੈ
ਕਹਿਰ ਦੀ ਗਰਮੀ ਹੈ
ਹਵਾ ਆਪਣੀ ਝੋਲੀ 'ਚ ਅੰਗਿਆਰ ਲੈ
ਗਲੀ ਮੁਹੱਲੇ ਵਿਹੜੇ ਥਾਣੀ ਗੁਜ਼ਰਦੀ ਹੈ
ਝੁਲਸ ਰਹੇ ਨੇ ਹਰੇ ਪੱਤਰ
ਸਾਵੇਂ ਰੁੱਖ ,ਰੁੱਖਾਂ ਦੀਆਂ ਟਾਹਣੀਆਂ
ਦੂਰ ਨੁੱਕਰ ਤੇ ਖੜੇ
ਗਿਰਜੇਘਰ ਦੀਆਂ ਘੰਟੀਆਂ ਦੀ ਆਵਾਜ਼ ਸੁਣਾਈ ਦਿੰਦੀ ਹੈ
ਜਿਸਦੀਆਂ ਪਥਰੀਲੀਆਂ ਕੰਧਾਂ 'ਚ
ਕਦੇ ਕੋਈ ਫੁੱਲ ਖਿੜਿਆ ਦਿਖਾਈ ਨਹੀ ਦਿੰਦਾ
ਗੁਰਦੁਆਰੇ ਦੇ ਝੂਲਦੇ ਨਿਸ਼ਾਨ ਤੇ
ਬੁੜਬੜਾਉਂਦਾ ਹੈ ਲਾਊਡ ਸਪੀਕਰ
ਬਾਣੀ ਦਾ ਰਸ ਬਰਸਿਆਂ
ਸ਼ਾਇਦ ਮੁੱਦਤਾਂ ਹੋ ਗਈਆਂ

ਨਦੀ ਦਾ ਠਹਿਰਿਆ ਪਾਣੀ
ਖਾਮੋਸ਼ ਕੰਧਾਂ ਦੀਆਂ ਵਿਰਲਾਂ ਥਾਣੀ
ਬਾਹਰ ਝਾਕਦਾ ਹੈ
ਸੜਕ ਤੇ ਰਾਖ ਉੱਡਦੀ ਹੈ
ਵੱਡੀਆਂ ਫ਼ੌਜੀ ਤੋਪਾਂ, ਟੈਂਕਾਂ ਦਾ ਚੀਕ ਚਿਹਾੜਾ
ਭਾਰੇ ਫ਼ੌਜੀ ਬੂਟਾਂ ਦਾ ਜੰਗੀ ਖਰੂਦ
ਡਰੇ ਹੋਏ ਚਿਹਰਿਆਂ ਤੇ ਮਾਤਮ ਦਾ ਖ਼ੌਫ
ਖ਼ੌਫ 'ਚ ਉੱਠਦਾ
ਕੋਈ ਕਾਮੁਕ ਉਬਾਲ
ਕੰਧਾਂ ਦੀਆਂ ਬਿਰਲਾਂ ਥਾਣੀ
ਉਛਲਦਾ ਹੈ
ਵਿਹੜਿਆਂ 'ਚ ਬੈਠੀਆਂ
ਕੰਜਕਾਂ ਦੀਆਂ ਛਾਤੀਆਂ ਨੂੰ ਫਰੋਲਦਾ
ਕੰਧਾਂ ਦੇ ਆਰ ਪਾਰ ਜਾ

ਗੁਸਲਖਾਨਿਆ 'ਚ ਨਹਾਉਂਦੀਆਂ
ਤੀਵੀਆਂ ਦੇ ਅੰਗਾਂ ਨਾਲ ਖੇਡਦਾ ਹੈ

ਜੰਗ ਵੱਲ ਤੁਰ ਜਾਣ ਦਾ
ਇਕ ਲੰਮਾ ਕੂਚ
ਇਕ ਫੌਜੀ ਹਾਉਕਾ
ਤੀਵੀਆਂ ਦਾ ਦਿਲ ਪਾਟਦਾ
ਸ੍ਰੀ ਨਗਰ, ਕਾਰਗਿਲ, ਕਸ਼ਮੀਰ
ਹੋਰ ਥਾਂ ਪੁਰ ਥਾਂ
ਤੀਵੀਆਂ ਸੋਚਦੀਆਂ
ਗੱਡੀਆਂ ਦੀ ਧੂੜ ਪਿੱਛੇ
ਅੰਗੀਆਂ,ਪੈਂਟੀਆਂ, ਉਛਾਲਦੀਆ
ਰੁਦਨ ਕਰਦੀਆਂ
ਜੋ ਚਲਾ ਗਿਆ, ਉਹ ਵਾਪਿਸ ਪਰਤਿਆ ਕਦ
ਇਹ ਮਨਹੂਸ ਲਹੂ ਪੀਣੀ ਧਰਤੀ ਦੇ
ਇਸ ਸੀਤ ਟੋਟੇ 'ਚ
ਥਾਂ ਪੁਰ ਥਾਂ ਖਿਲਰੇ
ਆਦਮੀ ਦੇ ਪੁਰਜੇ,ਮਸ਼ੀਨਾਂ ਦੇ ਪੁਰਜੇ
ਚਿੱਠੀਆਂ, ਲਿਫ਼ਾਫੇ, ਕੁਝ ਅੱਖਰ, ਕੁਝ ਯਾਦਾਂ

ਬਾਹਰ ਹੁੰਮਸ ਹੈ
ਸੜਕਾਂ ਤੇ ਭੀੜ ਹੈ
ਆਵਾਜਾਈ ਹੈ
ਬੇਨਕਸ਼ ਪੈਰਾਂ ਦੀ ਪਥਰੀਲੀ ਆਹਟ
ਸ਼ੋਰ ਬਣ ਕੰਨਾਂ 'ਚ ਗੁਜਰਦੀ ਹੈ
ਸੜਕ ਤੋਂ ਉੱਡਦਾ ਰੇਤਾ
ਨਦੀ ਦਾ ਠਹਿਰਿਆ ਖਾਮੋਸ਼ ਪਾਣੀ
ਹੋਰ ਗੰਦਲਾ ਕਰਦਾ ਹੈ

## ਤੂੰ ਆ

ਤੂੰ ਆ
ਮੇਰੇ ਕੋਲ ਆ
ਤੇ ਲੇਟ ਜਾ
ਬੱਚੇ ਦੇ ਵਾਂਗ
ਗੁਲਾਬ ਚਿਹਰੇ ਤੇ ਦੁੱਧੀਆ ਰੋਸ਼ਨੀ ਖਿਲਾਰੀ
ਬੰਦ ਪਲਕਾਂ 'ਚ
ਆਪਣਾ ਅਸਮਾਨ ਘੁੱਟੀ
ਤੂੰ ਆ
ਮੇਰੇ ਅਤਿਅੰਤ ਵਿਆਕੁਲ ਪਲਾਂ ਦੇ ਸਾਥੀ
ਤੈਨੂੰ ਜੀਣ ਥੀਣ ਦਾ ਕੋਈ
ਗੁਰ ਸਿਖਾਵਾਂ
ਕਿਵੇਂ
ਸ਼ੋਰ 'ਚ ਵੀ ਸੁਣ ਲਈਦਾ ਹੈ
ਰਾਗ ਯਮਨ ਕਲਿਆਣ
ਕਿਵੇਂ
ਪਰਾਏ ਬੋਲਾਂ 'ਚ ਵੀ
ਤਲਾਸ਼ ਲਈਦੀ ਹੈ ਪੰਜਾਬੀ ਵਰਣਮਾਲਾ
ਕਿਵੇਂ
ਵੇਖੀਦਾ ਹੈ ਖੁਦ ਨੂੰ
ਪਰਾਏ ਸੀਸ਼ੇ ਮੂਹਰੇ ਸ਼ਰਮਸਾਰ ਹੋਣ ਤੋਂ ਪਹਿਲਾਂ
ਕਿਵੇਂ
ਢੱਕ ਲਈਦਾ ਹੈ ਨੰਗੇਜ਼
ਜਿਸਮ ਦਾ ਹੀ ਨਹੀ
ਅੰਤਹਕਰਣ ਤੱਕ ਫੈਲੀਆਂ
ਮਨ ਦੀਆਂ ਅਸੰਖ ਦਿਸ਼ਾਵਾਂ ਦਾ
ਤਾਂ ਜੋ

ਛੱਡ ਨਾਂ ਜਾਈਏ
ਕਦੇ ਕਿਧਰੇ ਨੰਗਾਪਣ ਆਪਣਾ

ਆਪਣੀ ਹੀ ਰੇਤ 'ਚ
ਆਪਣਾ ਆਪ ਫਰੋਲਣਾ ਜ਼ਿੰਦਗੀ ਹੈ
ਰੇਤੇ 'ਚ ਉਗਦਾ ਨਾਂ
ਕਦੇ ਕੋਈ ਬਿਰਖ
ਨਾ ਸਰਕੇ ਕਦੇ ਕੋਈ ਬਿਹਬਲ ਦਰਿਆ
ਤੂੰ ਆ
ਮੇਰੇ ਕੋਲ ਆ ਤੇ ਲੇਟ ਜਾ

## ਬੰਦਾ

ਤੂੰ ਮੇਰੇ ਘਰ ਆਵੀਂ
ਜਾਂ ਗਾਹੇ-ਵਗਾਹੇ ਰਸਤੇ-ਚੁਰੱਸਤੇ 'ਚ
ਹੀ ਮਿਲ ਲਵੀਂ
ਅੱਜਕੱਲ੍ਹ
ਬੰਦੇ ਦਾ ਬੰਦੇ ਨੂੰ ਮਿਲਣਾ
ਕਿਹੜਾ ਸੌਖਾ ਹੈ।

## ਨਜ਼ਰ

ਅੱਖਾਂ ਦੀਆਂ ਪੁਤਲੀਆਂ ਹੇਠ
ਪਲ ਰਹੇ ਨੇ ਲਾਲ ਡੋਰੇ
ਪਤਾ ਹੀ ਨਹੀ ਲੱਗਾ
ਕਦ ਮੋਤੀਆ ਉੱਤਰ ਆਇਆ ।

## ਛੁੱਟੀਆਂ

ਗਰਮੀਆਂ ਦੀਆਂ ਛੁਟੀਆਂ 'ਚ
ਮੈਂ ਫੁੱਲ, ਤਿਤਲੀਆਂ ਤੇ
ਗੁਲਾਬੀ ਖੰਭਾਂ ਵਾਲੀਆਂ
ਚਿੜੀਆਂ ਨੂੰ ਪਿਆਰ ਕਰਾਂਗਾ
ਤੇ ਤੂੰ ਕਰੀਂ ਕਿਸੇ ਹੋਰ ਨੂੰ ।

## ਜਗਿਆਸਾ

ਨੀ ਕੁੜੀਏ
ਖੰਭਾਂ ਹੇਠ ਤੇਰੇ
ਛੁੱਪੀ ਹੈ ਅੱਗ
ਤੇ ਮੇਰੀ ਜਗਿਆਸਾ

## ਘਬਰਾਹਟ

ਮਨ 'ਚ ਘਬਰਾਹਟ ਹੈ
ਸ਼ਾਇਦ ਕੋਈ ਧੁੱਖ ਰਿਹਾ ਹੈ
ਮੇਰੇ ਕੋਲਿਆਂ ਦੀ ਰਾਖ ਅੰਦਰ।

## ਪਹਿਚਾਣ

ਅੱਜ ਦੀ ਰਾਤ ਬੱਸ
ਤੂੰ ਖਾਮੋਸ਼ ਰਵੀਂ
ਹੌਲੇ ਹੌਲੇ ਦੋਵੇਂ ਜਿਸਮ
ਪਹਿਚਾਣ ਲੈਣਗੇ ਇਕ ਦੂਜੇ ਦੀ ਕਾਇਆ ਨੂੰ।

## ਸਿਮਰਤੀ

ਕੰਧ ਦੇ ਰਦੇ ਹੇਠ
ਛੁੱਪੀ ਹੈ ਸਿਮਰਤੀ
ਮੇਰੀ ਨਹੀਂ
ਕਿਸੇ ਕਾਰੀਗਰ ਦੀ।

## ਜਿਸਮ

ਮੈਂ ਤੈਨੂੰ ਯਾਦ ਕਰਦਾ ਹਾਂ
ਛੱਤ ਤੇ ਪਏ ਛੱਲੀਆਂ ਦੇ ਬੋਹਲ ਤੇ
ਨੰਗੀ ਹਿੱਕ ਕਰਕੇ
ਲੇਟ ਜਾਂਦਾ ਹਾਂ।

## ਰਹਿਤ ਮਰਿਆਦਾ

ਮੇਰੇ ਲਈ ਆਪਣੀ ਸਿਮਰਤੀ 'ਚ
ਸਿਰਫ ਪਿਆਰ ਰੱਖੀਂ
ਨਾ ਕੋਈ ਰਹਿਤ ਮਰਿਆਦਾ।

## ਸ਼ਰਾਰਤ

ਐਤਕੀਂ ਟੋਭੇ ਸਾਡੇ ਪਿੰਡ ਦੇ
ਉੱਗੇ ਨੇ ਬਹੁਤ ਅੱਕੜੇ
ਕੁੜੀਆਂ ਨਾਲ ਲੁਕਣਮੀਚੀ ਖੇਡਣ ਲਈ
ਬੜੇ ਕੰਮ ਆਉਂਦੇ ਨੇ ਇਹ ਅੱਕੜੇ।

*ਪੈਰਾਂ ਦੀ ਥਾਪ ਨਾਲ ਮੱਧਮ ਸੁਰ–*

## ਸਿਮ ਸਿਮ ਪਾਣੀਆ

ਸਿਮ ਸਿਮ ਪਾਣੀਆ ਘੁੱਗੀ ਤਿਹਾਈ ਏ।*

ਸਿਮ ਸਿਮ ਪਾਣੀਆ– ਮੇਰੇ ਪਿੰਡ ਦੀਆਂ ਬਾਲੜੀਆਂ ਦੀ ਅਜਿਹੀ ਖ਼ੂਬਸੂਰਤ ਨਾਚ ਕਾਵਿ–ਸਤਰ ਹੈ ਜਿਸ ਨੂੰ ਮੈਂ ਕਦੇ ਭੁਲਾ ਨਹੀਂ ਸਕਦਾ। ਮੈਂ ਨਿੱਕਾ ਜਿਹਾ ਸਾਂ, ਉਦੋਂ ਕੁਦਰਤ ਐਡੀ ਮਿਹਰਬਾਨ/ਕਹਿਰਬਾਨ ਸੀ ਕਿ ਕਈ–ਕਈ ਦਿਨ ਮੀਂਹ ਵਰਦਾ ਰਹਿੰਦਾ। ਮੇਰੇ ਵੱਡੇ ਵਡੇਰੇ ਇਸ ਨੂੰ ਝੜੀ ਲੱਗੀ ਆਖਦੇ। ਪਹਿਲੇ ਦੋ–ਤਿੰਨ ਦਿਨ ਮੀਂਹ ਵਰਦਾ–ਬਹੁਤ ਖ਼ੂਬਸੂਰਤ ਲੱਗਦਾ। ਅਸੀਂ ਰਲ–ਮਿਲ ਮੌਜਾਂ ਕਰਦੇ। ਮੁੰਡੇ ਕੁੜੀਆਂ ਇਕੱਠੇ ਹੋ ਬਾਰਿਸ਼ ’ਚ ਨਹਾਉਂਦੇ ਕਾਗਦਾਂ ਦੀਆਂ ਕਿਸ਼ਤੀਆਂ ਬਣਾ ਵਗਦੇ ਪਾਣੀਆ ’ਚ ਰੋੜਦੇ, ਅੰਬ ਚੂਪਦੇ ਪਿੰਡ ਦੀਆਂ ਗਲੀਆਂ ’ਚ ਦੌੜ–ਦੌੜ ਖਰੂਦ ਮਚਾਉਂਦੇ ਪਰ ਹੌਲੇ–ਹੌਲੇ ਇਹ ਸਾਰਾ ਜੋਸ਼ ਮੱਧਮ ਪੈ ਜਾਂਦਾ। ਘਰਾਂ ਦੀਆਂ ਛੱਤਾਂ ਚੋਣ ਲੱਗ ਪੈਂਦੀਆਂ, ਡੰਗਰਾਂ ਦੇ ਢਾਰੇ ਡਿੱਗਣ ਲੱਗ ਪੈਂਦੇ। ਪਿੰਡ ਵਾਲੇ ਵਗਦੇ ਚੋਆਂ ਦੇ ਪੱਤਣਾਂ ਤੇ ਖੜ੍ਹੇ ਫਰਿਆਦਾਂ ਕਰਦੇ। ‘ਬਹੁੜੀਂ’ ਓ ਖਵਾਜ਼ਾ ਪੀਰ, ਆਪਣੇ ਜਲਹੋੜਿਆਂ ਨੂੰ ਰੋਕ, ਹੁਣ ਤਾਂ ਪਿੰਡ ਦੀਆਂ ਨਿਆਈਆਂ ਨੂੰ ਮਾਰ ਪੈਣ ਵਾਲੀ ਹੈ,

ਅਜਿਹੀ ਸਾਰੀ ਸਥਿਤੀ ਤੋਂ ਬੇਖ਼ਬਰ ਸਾਡਾ ਨਵੇਂ ਮੁੰਡੇ–ਕੁੜੀਆਂ ਦਾ ਜਵਾਨ ਹੋ ਰਿਹਾ ਸੁਪਨ ਸੰਸਾਰ ਸੀ। ਥੋੜ੍ਹੀ ਕੁ ਦੇਰ ਲਈ ਮੀਂਹ ਹਟਦਾ, ਬਾਰਿਸ਼ ਦੀ ਕਿਣ–ਮਿਣ ’ਚ ਭਿੱਜਦੇ ਅਸੀਂ ਸਭ ਜਲਹੋੜੇ, ਜਲਪਰੀਆਂ ਨੂੰ ਵੇਖਣ ਲਈ ਤੁਰ ਪੈਂਦੇ। ਮੀਂਹ ਰੁਕਦਾ–ਵਗਦੇ ਚੋਅ ਦਾ ਵਹਿਣ ਪਾਟਦਾ– ਨਿੱਕੇ–ਨਿੱਕੇ ਰੇਤ ਦੇ ਅਨੇਕ ਟਾਪੂ ਵਗਦੇ ਪਾਣੀਆਂ ’ਚ ਧਰਤੀ ਦੀ ਹਿੱਕ ’ਤੇ ਉੱਭਰ ਆਉਂਦੇ। ਕੁੜੀਆਂ ਸਾਥੋਂ ਕੰਨੀ ਕਤਰਾ ਰੇਤ ਦੇ ਟਾਪੂਆਂ ਵੱਲ ਚਲੀਆਂ ਜਾਂਦੀਆਂ। ਸੁੱਥਣਾਂ, ਪਜਾਮੀਆਂ ਪਿੰਝਣੀਆਂ ਤੱਕ ਉਠਾ– ਗੋਰੇ ਨਿਛੋਹ ਪੈਰਾਂ ਦੀਆਂ ਤਲੀਆਂ ਨਾਲ ਰੇਤ ਦੀ ਹਿੱਕ ਤੇ ਮੱਧਮ ਸੁਰ ’ਚ ਵਾਰ–ਵਾਰ ਇਕੋ ਬੋਲ ਅਲਾਪਦੀਆਂ :

ਸਿਮ ਸਿਮ ਪਾਣੀਆ ਘੁੱਗੀ ਤਿਹਾਈ ਏ–

ਅੱਜ ਮੈਂ ਵੱਡਾ ਹੋ ਗਿਆ ਹਾਂ। ਸਮਝਦਾ ਹਾਂ ਕਿ ਇਹ ਬੋਲ ਸਧਾਰਨ ਲੋਕ ਮਨ ਦੇ ਬੋਲ ਨਹੀਂ ਸਗੋਂ ਔਰਤ ਦੀ ਉਸ ਅਸੀਮ ਪਿਆਸ ਦਾ ਕਾਵਿਕ ਪ੍ਰਗਟਾਅ ਨੇ ਜਿਸ ਨੂੰ ਮੇਰਾ ਸਮਾਜ ਸਦੀਆਂ ਤੋਂ ਅਣਸੁਣਿਆ ਕਰਦਾ ਆ ਰਿਹਾ ਹੈ। ਮੈਂ ਇਸ ਨਾਰੀ ਲੋਕ ਕਾਵਿ–ਸਤਰ ‘ਸਿਮ ਸਿਮ ਪਾਣੀਆ’– ਨੂੰ ਕੋਰਸ ਵਾਂਗ ਆਪਣੇ ਗੀਤ ਦੇ ਪਿਛੋਕੜ ’ਚ ਰੱਖ ਆਪਣੀ ਅਧੂਰੀ ਪਿਆਸ ਦੇ ਪ੍ਰਗਟਾਵੇ ਲਈ ਗੀਤ ਰਚਨਾ ਕਰ ਰਿਹਾ ਹਾਂ।

## ਸਿਮ ਸਿਮ ਪਾਣੀਆ

ਸਿਮ ਸਿਮ ਪਾਣੀਆ ਘੁੱਗੀ ਤਿਹਾਈ ਏ-
ਦੂਰ ਗਇਉਂ ਸੋਹਣਿਆਂ ਵੇ
ਅੱਜ ਤੇਰੇ ਦੀਦਿਆ ਦੀ, ਬਹੁਤ ਯਾਦ ਆਈ ਏ,

ਮੇਰੇ ਨੈਣੀ ਜਲ ਨਾ ਸੁਗੰਧ ਮੇਰੇ ਸਾਹਾਂ ਵਿੱਚ
ਰਾਹਾਂ ਵਿੱਚ ਲੱਖਾਂ ਨੇ ਦੁਸ਼ਵਾਰੀਆਂ
ਚੇਤ ਤੇ ਅਚੇਤ ਮੱਲ ਬੈਠੇ ਮੋਏ ਮਨਵੇ ਨੂੰ
ਭੁੱਲਾਂ ਨਾ ਉਹ ਭੁੱਲਣ ਪਿਆਰੀਆਂ
ਰਾਹਾਂ ਦਿਆਂ ਮੋੜਾਂ ਉੱਤੇ, ਸਾਡੇ ਪਰਛਾਵੇਂ ਸੁੱਤੇ
ਲੋਕਾਂ ਦੱਸ ਪਾਈ ਏ।

ਬੀਤ ਗਏ ਜੋ ਪਲ, ਉਨ੍ਹਾਂ ਪਲਾਂ ਵਿਚ ਸੇਕ ਉੱਠੇ
ਸੇਕ 'ਚ ਦਫ਼ਨ ਨੇ ਵਫ਼ਾਦਾਰੀਆਂ
ਰਹਿਣਾਂ ਸਹਿਣਾ ਖਾਣਾ ਪੀਣਾ ਰੋਣਾ ਧੋਣਾ ਸੰਗ-ਸੰਗ
ਗੱਲਾਂ ਗਈਆਂ ਕਿੱਧਰ ਨਿਆਰੀਆਂ
ਮੇਰੇ ਸਿਰਨਾਵੇਂ ਉੱਤੇ, ਖ਼ਤ ਨਾ ਤੂੰ ਪਾਇਆ ਰੁੱਤੇ
ਨਾ ਕੋਈ ਕਾਲ ਆਈ ਏ

ਸੋਚਾਂ ਦਿਆਂ ਵਣਾਂ ਵਿੱਚੋਂ ਲੰਘਦੇ ਖਿਆਲ ਮੇਰੇ
ਮਲ੍ਹਿਆਂ ਦੀ ਲੱਭਦੇ ਨੇ ਛਾਂ
ਸੌੜੇ-ਸੌੜੇ, ਮੈਲੇ-ਮੈਲੇ, ਹਾਰੇ-ਹਾਰੇ ਦਿਲਾਂ ਵਾਲੇ
ਪਾਗਲਾਂ ਨਾਲ ਭਰਿਆ ਗਰਾਂ
ਕਾਲੇ ਮਾਰੂ ਸਾਗਰਾਂ 'ਚ, ਲਹਿ ਜਾਹ ਮੁੱਠੀ ਰੇਤ ਦੀਏ
ਜੀਵਨ ਆਵਾਜਾਈ ਏ-
ਸਿਮ ਸਿਮ ਪਾਣੀਆ ਘੁੱਗੀ ਤਿਹਾਈ ਏ।

## ਯਾਦ

ਮੈਂ ਤੈਨੂੰ ਯਾਦ ਕਰਦਾ ਹਾਂ
ਸੋਚਦਾ ਹਾਂ
ਕਦ ਲਿਖਾਂਗਾ ਖੁਸ਼ਬੂ ਤੇ ਕੋਈ ਕਵਿਤਾ

ਬਾਹਰ ਠੰਡ ਹੈ, ਸ਼ੀਤ ਲਹਿਰ ਹੈ
ਸੜਕ ਤੇ ਧੁੰਧ ਹੈ
ਅਧੂਰੀ ਜਿਹੀ ਆਵਾਜਾਈ ਹੈ
ਮੈਂ ਅਜਿਹੇ ਹੀ ਮਾਹੌਲ 'ਚ
ਸੁੱਤੀ ਪਈ ਪਟੜੀ ਤੇ
ਉਦਾਸ ਖੜ੍ਹੇ ਖੰਭੇ ਹੇਠ
ਤੈਨੂੰ ਮਿਲਣਾ ਚਾਹੁੰਦਾ ਹਾਂ
ਧੁੰਦ 'ਚ ਤੇਰੇ ਵਜੂਦ ਨੂੰ
ਗਰਮ ਸਾਹਾਂ ਦੀ ਤਾਜ਼ਗੀ ਨਾਲ
ਚੁੰਮਣਾ ਚਾਹੁੰਦਾ ਹਾਂ

ਮੈਂ ਤੈਨੂੰ ਯਾਦ ਕਰਦਾ ਹਾਂ
ਹਥੇਲੀ ਤੇ ਤੇਰਾ ਨਾਂ ਲਿਖਣ ਲੱਗਦਾ ਹਾਂ
ਭੁਲ ਜਾਂਦਾ ਹਾਂ
ਸਾਰੀ ਵਰਣਮਾਲਾ

ਸੋਚਦਾ ਹਾਂ
ਕਦ ਲਿਖਾਂਗਾ, ਖੁਸ਼ਬੂ ਤੇ ਕੋਈ ਕਵਿਤਾ

## ਅੱਥਰੂ

ਅੱਖਾਂ 'ਚ ਅੱਥਰੂ ਹੈ

ਮਨ ਵਿੱਚ ਪੀੜ ਨਾ ਕੋਈ ਪਛਤਾਵਾ
ਨਾ ਮਰਿਆ ਨਾ ਮੁਕਰਿਆ ਕੋਈ ਆਪਣਾ
ਪਤਾ ਨਹੀਂ
ਮੈਂ ਕਿਸ ਉਦਾਸ ਧੁਨ ਲਈ ਰੋ ਰਿਹਾ ਹਾਂ
ਅੱਖਾਂ 'ਚ ਅੱਥਰੂ ਹੈ

ਬਾਹਰ ਰੁੱਤ ਖਿੜੀ ਬਸੰਤ ਹੈ
ਕੰਡਿਆਲੀਆਂ ਟਾਹਣਾਂ ਤੇ
ਉੱਗ ਆਏ ਨੇ ਫੁੱਲ ਪੱਤਰ
ਮਨ ਦੀ ਔੜ 'ਚ ਉੱਗੀ ਨਾ ਕੋਈ ਕਰੂੰਬਲ
ਫੁੱਟਿਆ ਨਾ ਕੋਈ ਪੁੰਗਾਰਾ
ਇਕ ਧੁੰਧੂਕਾਰਾ ਜਿਹਾ ਫੈਲ ਰਿਹਾ ਹੈ
ਮੇਰੀ ਨਜ਼ਰ ਮੂਹਰੇ
ਅੱਖਾਂ 'ਚ ਅੱਥਰੂ ਹੈ

ਅੱਜ ਕੱਲ੍ਹ ਮੈਂ ਆਪਣਾ ਅਕਸ
ਸ਼ੀਸ਼ੇ 'ਚ ਨਹੀਂ
ਆਪਣੀ ਨਜ਼ਰ 'ਚ ਪਲ ਰਹੇ ਅੱਥਰੂ 'ਚ ਹੀ
ਵੇਖ ਲੈਂਦਾ ਹਾਂ
ਪੁੱਛਣਾ ਚਾਹੁੰਦਾ ਹਾਂ ਖ਼ੁਦ ਨੂੰ ਹੀ ਕਈ ਪ੍ਰਸ਼ਨ
ਕੰਬ ਜਾਂਦੀ ਹੈ ਮੇਰੀ ਨਜ਼ਰ
ਡਗਮਗਾ ਜਾਂਦਾ ਹੈ ਮੇਰਾ ਸੱਚ
ਡਿੱਗ ਪੈਂਦਾ ਹੈ ਮੇਰਾ ਅੱਥਰੂ

ਅੱਖਾਂ 'ਚ ਅੱਥਰੂ ਹੈ

## ਪਾਂਧਾ ਜੀ

(1)
ਪਾਂਧਾ ਜੀ
ਅਜੀਬ ਪਿੰਡ ਹੈ
ਜਿਥੇ ਜੰਮ ਪਿਆ ਹਾਂ ਮੈਂ
ਗਲੀ ਦੇ ਮੋੜ ਤੇ ਖੜ੍ਹਾ ਅੰਧਰਾਤਾ
ਸ਼ਾਮ ਹੁੰਦਿਆਂ ਸਾਰ ਹੀ
ਰਾਹ ਵਿਖਾਉਣ ਲਈ ਤੁਰ ਪੈਂਦਾ ਹੈ
ਪਿੰਡ ਵਾਸੀਆਂ ਨੂੰ

(2)
ਪਾਂਧਾ ਜੀ
ਜਦੋਂ ਮੈਂ ਜਨਮਿਆਂ
ਮੇਰੇ ਹੱਥਾਂ 'ਚ ਵੀ ਲੀਕਾਂ ਸਨ
ਕੰਮ ਕਾਰ ਕਰਦਿਆਂ ਕਰਦਿਆਂ
ਹੌਲੇ ਹੌਲੇ ਇਹ ਰੱਟਣ ਬਣ ਗਏ–
ਇਸ ਵਿਚ ਮੇਰਾ ਕੋਈ ਦੋਸ਼ ਨਹੀਂ
ਇਹਨਾਂ ਰੱਟਣਾਂ ਬਾਰੇ
ਤੇਰਾ ਹਸਤ ਰੇਖਾ ਵਿਗਿਆਨ
ਕੀ ਆਖਦਾ ਹੈ?

(3)
ਪਾਂਧਾ ਜੀ
ਮਾਫ਼ ਕਰਨਾ ਐਵੇਂ ਭਾਵੁਕ ਹੋ ਗਿਆ ਮੈਂ
ਸਭ ਜਾਣਦਿਆਂ ਹੋਇਆਂ ਵੀ
ਤੇਰਾ ਵਿਗਿਆਨ ਬੰਦਿਆਂ ਤੋਂ ਨਹੀ
ਗ੍ਰਹਿਆਂ ਤੋਂ ਸ਼ੁਰੂ ਹੁੰਦਾ ਹੈ

ਗ੍ਰਹਿ ਕਿਸੇ ਦਾ ਹੁੰਦਾ ਨਹੀਂ ਜਿਸਮ
ਉਗਦਾ ਨਹੀਂ ਉਸਦੇ ਧੜ ‘ਤੇ ਕੋਈ ਸੀਸ
ਮੇਰੇ ਜਾਂ ਮੇਰੇ ਬੱਚੇ ਵਾਂਗ
ਉੱਗਦੀਆਂ ਨਹੀਂ ਉਸਦੀਆਂ ਹਥੇਲੀਆਂ 'ਤੇ ਰੇਖਾਵਾਂ
ਤਾਂ ਜੋ ਦੱਸ ਸਕਣ
ਹਵਾ ਤੋਂ ਵੀ ਹਲਕੀ ਹੁੰਦੀ ਹੈ ਰੂਹ
ਪਾਰੇ ਤੋਂ ਵੱਧ ਚੰਚਲ
ਹੂੰਦਾ ਹੈ ਮਨ!

(4)
ਪਾਂਧਾ ਜੀ
ਮੇਰੇ ਘਰ ਆਇਓ
ਵਸਤੂ ਸ਼ਾਸਤਰ ਦਾ ਵਿਗਿਆਨ ਜਾਣਦਿਆਂ
ਦੱਸਿਓ ਮੈਂ ਕਿਸ ਜਗ੍ਹਾ ਨਹਾਇਆ ਸੀ
ਆਪਣੇ ਮਰੇ ਹੋਏ ਪਿਓ ਨੂੰ
ਕਿੱਥੇ ਸਾਂਭ ਕੇ ਰੱਖੀਆ ਸਨ
ਮੈਂ ਉਸਦੀਆਂ ਅਸਥੀਆਂ
ਉਦੋਂ ਤਾਂ ਦਰਾਂ ਮੂਹਰੇ ਬਾਰ ਵੀ ਨਹੀਂ ਸੀ
ਤੇ ਗੰਗਾ ਵੀ ਬਹੁਤ ਦੂਰ ਵਗਦੀ ਸੀ
ਕਿੰਨੇ ਦਿਨ ਰੋਕ ਰੱਖਿਆ
ਮੈਂ ਐਵੇਂ ਉਸ ਪਰਵਾਸੀ ਰੂਹ ਨੂੰ
ਜੋ ਜਿਸਮ 'ਚ ਹੁੰਦਿਆਂ
ਮੈਨੂੰ ਪਿਆਰ ਕਰਦੀ ਸੀ
ਦਿਨ ਰਾਤ ਮੇਰੇ ਲਈ ਕੰਮਕਾਰ ਕਰਦੀ ਸੀ
ਤਾਂ ਜੋ ਮੈਂ ਮਰ ਨਾ ਜਾਵਾਂ
ਕਿਤੇ ਭੁਖਣ ਭਾਣਾ

ਪਾਂਧਾ ਜੀ
ਉਸ ਰੂਹ ਦੀ ਕਿਤੇ ਖਬਰਸਾਰ ਮਿਲੇ
ਵਾਪਸ ਲੈ ਆਉਣਾ
ਮੈਂ ਚੁੰਮਣਾ ਚਾਹੁੰਦਾ ਹਾਂ ਹੱਥ ਪੈਰ ਉਸ ਦੇ

(5)
ਪਾਂਧਾ ਜੀ
ਰਾਤ ਹਰੀਆਂ ਸੂਹਲ ਪੱਤੀਆਂ ਤੇ
ਤੇਜ਼ਾਬੀ ਬਾਰਿਸ਼ ਹੋ ਗਈ
ਸ਼ਹਿਰ ਦੀਆਂ ਸੜਕਾਂ ਤੇ ਘੁੰਮਦੀ ਰਹੀ
ਲ਼ਾਲ ਬੱਤੀ ਕਾਲੇ ਸ਼ੀਸ਼ਿਆਂ ਵਾਲੀ ਕਾਰ
ਹੁੰਦਾ ਰਿਹਾ ਕਿਸੇ ਬੱਚੀ ਨਾਲ ਬਲਾਤਕਾਰ
ਨਾ ਤੁਹਾਨੂੰ ਨਾ ਤੁਹਾਡੇ ਤਾਰਿਆਂ ਨੂੰ
ਕੋਈ ਖਬਰਸਾਰ

(6)
ਪਾਂਧਾ ਜੀ
ਵਾਹ ਦਿਓ ਮੇਰੇ ਮੱਥੇ 'ਤੇ ਵੀ ਕੋਈ ਰੇਖ
ਜੋ ਘੜੀ ਘੜੀ ਪਲ ਪਲ
ਬਲਦੇ ਮੇਰੇ ਲਹੂ ਦੇ ਸੇਕ ਨੂੰ
ਮੱਧਮ ਕਰ ਦੇਵੇ
ਸ਼ਾਤ ਕਰ ਦੇਵੇ ਮੇਰੇ ਅੰਦਰ
ਉਠਦੇ ਬਲਦੇ ਜਵਾਰ ਨੂੰ
ਤਾਂ ਜੋ ਮੈਂ ਵੀ ਵਿਛ ਜਾਵਾਂ
ਤੇਰੇ ਹਜੂਮ ਮੂਹਰੇ
ਨਾ ਹੋਵੇ ਮੇਰੇ ਮਨ 'ਚ ਕੋਈ ਲਗਨ

ਜਿਸਮ ਵਿਚ ਜਸ਼ਨ
ਮੂਰਤੀਆਂ ਦੇ ਲਿੰਗ ਪੁਲਿੰਗ ਧੋਂਦਾ
ਮੈਂ ਵੀ ਤੇਰੇ ਵਰਗਾ ਹੋ ਜਾਵਾਂ
ਤੇ ਮੇਰੇ ਲਈ ਆਰਤੀ
ਗਗਨ ਥਾਲ ਨਹੀ
ਧੂਪ ਨਾਰੀਅਲ ਦਾ ਜੁਗਾੜ ਬਣ ਜਾਵੇ

(7)
ਪਾਂਧਾ ਜੀ
ਤੇਰੀ ਇਜਾਜਤ ਬਗੈਰ
ਮੈਂ ਉਸਨੂੰ ਯਾਦ ਕਰਨਾ ਚਾਹੁੰਦਾ ਹਾਂ
ਜਿਸਦਾ ਸ਼ਬਦ ਸੁਣਦਿਆਂ ਹੀ
ਮੈਂ ਤਾਰਿਆਂ ਦੀ ਅਵਾਜ ਵੀ ਭੁੱਲ ਜਾਂਦਾ ਹਾਂ
ਬਾਲੇ ਸੰਗ ਬੈਠੇ
ਉਸ ਪਵਿੱਤਰ ਰੂਪ ਦਾ
ਵਾਰਤਾਲਾਪ ਸੁਣਨਾ ਚਾਹੁੰਦਾ ਹਾਂ
ਜੋ ਉਚਾਰ ਤਾਂ ਗਿਆ ਉਹ
ਬਣ ਸਕਿਆ ਨਾ ਬਾਣੀ
'ਦੇਖ ਭਾਈ ਬਾਲਿਆ, ਰੰਗ ਕਰਤਾਰ ਦੇ'
ਬੱਸ ਵਾਰਤਾਲਾਪ ਦਾ ਵਾਰਤਾਲਾਪ ਹੀ ਰਹਿ ਗਿਆ
ਸੋਚਦਾ ਹਾਂ
ਕਿੰਝ ਕਿਹਾ ਹੋਵੇਗਾ ਉਸਨੇ ਬਾਲੇ ਨੂੰ
ਚੱਲ ਭਾਈ ਬਾਲਿਆ ਘਰ ਚਲੀਏ
ਮਰਦਾਨਾ ਕਿੱਧਰ ਚਲਾ ਗਿਆ
ਜਰਾ ਪਤਾ ਤਾਂ ਕਰ

ਭੁੱਖ ਗਿਆਨ ਦੀ ਹੀ ਨਹੀ
ਜਿਸਮ ਦੀ ਵੀ ਮਾਰਦੀ ਏ
ਹੁਣ ਤਾਂ ਜੁਆਕ ਵੀ ਵੱਡੇ ਹੋ ਗਏ ਹੋਣਗੇ
ਘਰ ਵਾਲੀ ਨੇ ਵੀ ਉਨੀਦਰੇ ਵਿਚ ਕੱਟੀਆਂ ਹੋਣਗੀਆਂ
ਹਜ਼ਾਰਾਂ ਰਾਤਾਂ
ਉਨਾਂ ਰਾਤਾਂ ਸੁਗਾਤਾਂ ਦੇ ਬਦਲੇ
ਅਸੰਖ ਦੀਪ ਧਰ ਦਿਆਂਗਾ ਮੈਂ
ਉੱਸ ਦੀ ਹਿੱਕ ਤੇ
ਬਲਦੇ ਬੁਝਦੇ ਚਿਰਾਗਾਂ ਦਾ ਸਿਲਸਲਾ ਖਤਮ ਕਰ
ਆਪਣੇ ਵਿਚ ਅਭੇਦ ਕਰ ਲਵਾਂਗਾ ਉਸ ਨੂੰ
ਜਰਾ ਪਤਾ ਤਾਂ ਕਰ ਬਾਲਿਆ
ਮਰਦਾਨਾ ਕਿਧਰ ਗਿਆ ਹੈ-

(8)
ਪਾਂਧਾ ਜੀ
ਗੱਲ ਨਹੀਂ ਇਕ ਬੇਨਤੀ ਕਰਾਂ
ਗੱਲ ਸੁਣਨੀ ਬੇਹੁਰਮਤੀ ਹੈ,ਤੇਰੇ ਸੰਵਿਧਾਨ ਦੀ
ਤੇ ਤੂੰ ਸਭ ਜਾਣਦਾ ਹੀ ਏ
ਅੱਜਕੱਲ ਮੇਰੀ ਹੀ ਨਹੀਂ
ਸਾਰੇ ਪੰਥ ਦੀ ਰਹਿਤ ਮਰਿਆਦਾ ਭੰਗ ਹੋ ਚੁੱਕੀ ਹੈ
ਮੈਂ ਗੁਰੂ ਘਰ ਦਾ ਬੰਦਾ
ਗੁਰ ਘਰ ਜਾਣ ਤੋਂ ਸ਼ਰਮਾਉਂਦਾ ਹਾਂ
ਕਿਵੇਂ ਦੱਸਾਂਗਾ ਮੈਂ ਉਸਨੂੰ
ਛੋਟੇ ਛੋਟੇ ਸੁਆਦਾਂ 'ਚ ਫਸਦਾ
ਮੈਂ ਕਿੱਡਾ ਗੁਨਾਹਗਾਰ ਹੋ ਗਿਆ ਹਾਂ
ਸੂਰਜ ਛਿਪਦਿਆਂ ਸਾਰ ਹੀ ਮੇਰੇ ਘਰ

ਤਾਰਿਆ ਦਾ ਥਾਲ ਨਹੀਂ
ਸ਼ਰਾਬ ਦਾ ਹਵਨ ਮਹਿਕ ਰਿਹਾ ਹੁੰਦਾ ਹੈ
ਨਾ ਪੜ੍ਹਦਾ ਹਾਂ ਰਹਿਰਾਸ
ਨਾ ਕਰਦਾ ਹਾਂ ਕੀਰਤਨ ਸੋਹਿਲਾ
ਸੌਣ ਵੇਲੇ ਤਾਂ ਮੈਂ ਜੁਆਕਾਂ ਦੇ ਚਿਹਰੇ ਵੀ
ਨਹੀਂ ਪਹਿਚਾਣ ਰਿਹਾ ਹੁੰਦਾ
ਤੇ ਅਰਧਾਂਗਣੀ
ਦੂਸਰੇ ਕਮਰੇ 'ਚ
ਕੰਮਪਿਊਟਰ ਤੇ ਆਨ ਲਾਇਨ ਹੁੰਦੀ ਹੈ।

# ਔਰਤਾਂ ਲਈ ਦੋ ਕਵਿਤਾਵਾਂ

1.

ਔਰਤਾਂ ਗੱਲਾਂ ਬਹੁਤ ਕਰਦੀਆਂ ਨੇ
(ਅਸੀਂ ਸਭ ਇਹ ਸੋਚਦੇ ਹਾਂ)
ਜਦ ਕਦੇ ਕਿਤੇ
ਇਕੱਠੀਆਂ ਹੋ ਜਾਵਣ ਦੋ ਚਾਰ
ਘਰ ਦੀ ਛੱਤ
ਗਲੀ ਦੀ ਨੁੱਕਰ
ਚੌਰਾਹੇ ਦੀ ਰੇਲਿੰਗ
ਜਨਤਕ, ਗੈਰ ਜਨਤਕ ਥਾਂ
ਜਿਥੇ ਕਿਤੇ ਵੀ ਵੇਖੋ
ਮੁੱਸਕਰਾਉਂਦੀਆਂ ਗੱਲਾਂ ਕਰਦੀਆਂ
ਨਜਰੀਂ ਆਉਂਦੀਆਂ ਨੇ

ਪਰ ਮੈਂ ਅਕਸਰ ਵੇਖਦਾ ਹੈ
ਗੱਲਾਂ ਕਰਦੀਆਂ ਕਰਦੀਆਂ
ਅਚਨਚੇਤ
ਬੁਸਕਣ ਲੱਗ ਪੈਂਦੀਆਂ ਨੇ

2.

ਮਰਦਾ ਹੈ ਆਦਮੀ
ਪਿੱਟ ਸਿਆਪਾ ਕਰਦੀਆਂ ਨੇ ਔਰਤਾਂ
ਦੁਹੱਥੜਾਂ ਮਾਰ ਮਾਰ
ਆਪਣੇ ਪੱਟਾਂ, ਛਾਤੀਆਂ ਤੇ
ਨੀਲ ਪਾ ਲੈਂਦੀਆਂ ਹਨ
ਕਮਾਲ ਦੀਆਂ ਨੇ ਇਹ ਔਰਤਾਂ!

## ਰਾਤ ਉਦਾਸ ਹੈ

ਰਾਤ ਉਦਾਸ ਹੈ
ਮੇਰੀਆਂ ਅੱਖਾਂ 'ਚ ਉਨੀਂਦਰਾ ਰੜਕ ਰਿਹਾ ਹੈ
ਮੈਂ ਇਸ ਦੀ ਉਪਰਾਮਤਾ ਤੋਂ ਵਾਕਿਫ਼ ਹਾਂ

ਰਾਤ ਉਦਾਸ ਹੈ
ਕਦੇ ਕਦੇ ਮੈਂ ਵੀ ਇਸ ਦੇ ਵਾਂਗ ਉਪਰਾਮ ਹੋ ਜਾਂਦਾ ਹਾਂ
ਜਦ ਕਦੇ ਡਗਮਗਾ ਜਾਂਦਾ ਹੈ ਮੇਰਾ ਸੱਚ
ਮੇਰੀ ਹੋਂਦ

ਰਾਤ ਦੇ ਪਹਿਲੇ ਪਹਿਰ ਦੀ ਉਪਰਾਮਤਾ
ਵਿਆਕੁਲ ਕਰ ਦਿੰਦੀ ਹੈ ਮੈਨੂੰ
ਮੈਂ ਜੀਵਨ ਤੇ ਮੌਤ ਵਿਚਕਾਰ
ਫੈਲੇ ਉਸ ਭਿਆਨਕ ਖਲਾਅ ਨੂੰ
ਵੇਖ ਸਕਣ ਤੋਂ ਅਸਮਰੱਥ ਹੁੰਦਾ ਹਾਂ
ਮੇਰੀਆਂ ਨਜ਼ਰਾਂ ਮੂਹਰੇ
ਖਲਾਅ ਹੀ ਖਲਾਅ
ਦੂਰ ਦੂਰ ਤੱਕ ਫੈਲਿਆ
ਕਾਲੀ ਰੇਤ ਦਾ ਮਾਰੂਥਲ
ਰੇਤ ਦੇ ਬਾਰੀਕ ਕਿਣਕਿਆਂ ਨੂੰ ਚੁਣਦਾ
ਮਾਰੂਥਲ ਦੇ ਮੁੱਕ ਜਾਣ ਦੀ ਆਸ ਲੈ
ਪਲ ਪਲ ਜੀਂਦਾ ਹਾਂ
ਰਾਤ ਦੇ ਪਹਿਲੇ ਪਹਿਰ ਦੀ ਉਪਰਾਮਤਾ
ਵਿਆਕੁਲ ਕਰ ਦਿੰਦੀ ਹੈ

ਰਾਤ ਦਾ ਦੂਸਰਾ ਪਹਿਰ ਅਚਨਚੇਤ
ਹਨੇਰੇ ਦਾ ਵਾਵਰੋਲਾ ਲੈ
ਮੇਰੇ ਦਰਾਂ ਅੰਦਰ ਵੜ ਜਾਂਦਾ ਹੈ

ਮੱਧਮ ਜਹੀ ਰੋਸ਼ਨੀ 'ਚ
ਮੈਂ ਪੜ੍ਹ ਰਿਹਾ ਹੁੰਦਾ ਹਾਂ
ਕੋਈ ਧਰਮ ਗ੍ਰੰਥ
ਜਾਂ ਵੇਖ ਰਿਹਾ ਹੁੰਦਾ ਹਾਂ ਦੂਰੋਂ
ਸੁਤੇ ਪਏ ਬਾਲਾਂ ਦੇ ਚਿਹਰੇ
ਪਹਿਲੇ ਪਹਿਰ ਦੀ ਉਪਰਾਮਤਾ ਸਮੇਤ
ਦੂਸਰਾ ਪਹਿਰ ਅਚਨਚੇਤ ਆ ਵੜਦਾ ਹੈ
ਉਫ਼!
ਕਾਲ ਮਹਾਂਕਾਲ ਭਟਕ ਰਿਹਾ ਹੁੰਦਾ ਹੈ ਮੇਰੇ ਇਰਦ ਗਿਰਦ
ਮੈਂ ਵਰਿਆਂ ਮਹੀਨਿਆਂ 'ਚ ਗਿੜਦਾ
ਆਪਣੀ ਜਨਮ ਤਾਰੀਖ ਯਾਦ ਕਰਦਾ ਹਾਂ
ਖੁਦ ਨੂੰ ਹੌਂਸਲਾ ਦਿੰਦਾ ਹਾਂ

ਰਾਤ ਦਾ ਤੀਸਰਾ ਪਹਿਰ
ਮੇਰੇ ਮਰੇ ਵਿਸਰੇ ਪੁਰਖਿਆਂ ਦੀ
ਅਵਾਜ਼ਾਂ ਨਾਲ ਸ਼ੁਰੂ ਹੁੰਦਾ ਹੈ
ਉਹ ਯਾਦ ਕਰਾਉਂਦੇ ਨੇ
ਮੈਨੂੰ ਮੇਰਾ ਬਚਪਨ, ਮੇਰੀਆਂ ਖੇਡਾਂ
ਕੱਚੀਆਂ ਗਲੀਆਂ 'ਚ ਦੌੜਦਾ
ਮੇਰੇ ਹਾਣੀਆਂ ਦਾ ਹਜੂਮ
ਥੱਕ ਹਾਰ ਕਿਵੇਂ ਪਰਤ ਆਉਂਦਾ ਸਾਂ ਮੈਂ ਘਰ
ਡਿੱਗ ਪੈਂਦਾ ਸਾਂ ਪਿਆਰੇ ਬਾਪ ਦੀ ਗੋਦ 'ਚ
ਜਾਵਾ, ਸਮਾਟਰਾ, ਸਿੰਘਾਪੁਰ
ਉਸਦੀਆਂ ਕਹਾਣੀਆ ਦੇ ਦੇਸ
ਮੈਂ ਸੌਂ ਜਾਦਾ ਸਾਂ ਘੂਕ
ਉਸਦੇ ਪਾਣੀਆਂ ਦੀ ਮਹਿਕ ਮਹਿਸੂਸ ਕਰਦਾ
ਰਾਤ ਦਾ ਤੀਸਰਾ ਪਹਿਰ

ਮੇਰਿਆਂ ਪੁਰਖਿਆਂ ਦੀਆਂ ਆਵਾਜ਼ਾਂ ਨਾਲ ਸ਼ੁਰੂ ਹੁੰਦਾ ਹੈ
ਪਹਿਲੇ ਪਹਿਰ ਦੀ ਉਪਰਾਮਤਾ
ਉਹਨਾਂ ਆਵਾਜ਼ਾਂ 'ਚ ਕਿਧਰੇ ਘੁਲੀ ਹੁੰਦੀ ਹੈ
ਮੈਂ ਰਾਤ ਦੇ ਆਖਰੀ ਪਹਿਰ 'ਚ
ਤਲਾਸ਼ ਰਿਹਾ ਹੁੰਦਾ ਹਾਂ
ਆਪਣੀ ਹੋਂਦ ਆਪਣੀ ਹਸਤੀ ਨੂੰ
ਰਾਤ ਖ਼ਾਮੋਸ਼ ਨਦੀ ਦੇ ਵਹਿਣ ਵਾਂਗ
ਮੇਰੇ ਕੋਲ ਦੀ ਗੁਜ਼ਰ ਰਹੀ ਹੁੰਦੀ ਹੈ
ਹਲਕੇ ਹਲਕੇ ਪੱਤਿਆਂ ਦੀ ਸਰਸਰਾਹਟ
ਨਦੀ ਦਾ ਵਹਿਣ
ਕਾਲ ਦੇ ਅਸੀਮ ਹਿੰਦਸਿਆਂ 'ਚ ਉਲਝਿਆ
ਮੈਥੋਂ ਮੇਰੀ ਪਹਿਚਾਣ ਮੰਗਦਾ ਹੈ
ਮੈਂ ਪਹਿਲੇ ਪਹਿਰ ਦੀ ਵਿੱਥਿਆ ਸੁਣਾਉਂਦਾ ਹਾਂ
ਦੂਸਰੇ ਪਹਿਰ ਦੇ ਅਚਨਚੇਤ ਆ ਜਾਣ ਦਾ
ਕਾਰਣ ਦੱਸਦਾ ਹਾਂ
ਤੀਸਰੇ ਪਹਿਰ ਆਪਣੇ ਪੁਰਖਿਆਂ ਦੀ ਪਹਿਚਾਣ ਦੇਂਦਾ ਹਾਂ
ਆਖਰੀ ਪਹਿਰ
ਤਲਾਸ਼ ਰਿਹਾ ਹੁੰਦਾ ਹਾਂ।
ਨਦੀ ਦਾ ਵਹਿਣ
ਮੇਰੇ ਜੀਵਨ-ਥਲਾਂ ਤੇ ਹਲਕੀ ਜਹੀ ਇਬਾਰਤ ਲਿਖ
ਕਿਧਰੇ ਗੁੰਮ ਗੁਆਚ ਜਾਂਦਾ ਹੈ
ਬਾਹਰ ਸ਼ੋਰ ਹੁੰਦਾ ਹੈ
ਮੰਦਰ,ਗੁਰਦੁਆਰੇ ਜਾਗ ਪੈਂਦੇ ਨੇ
ਤੜਕਸਾਰ, ਅੰਮ੍ਰਿਤ ਵੇਲਾ
ਸੂਰਜ ਦਾ ਧਰਤ ਫੇਰਾ
ਦਿਹੁੰ ਅਜੇ ਦੂਰ ਹੈ

ਮੈਂ ਉਸਦੀ ਉਡੀਕ ਕਰਦਾ ਹਾਂ
ਉਦਾਸ ਹਾਂ ਮੈਂ
ਹੇ ਮੇਰੀ ਰਾਤ!
ਰਾਤ ਦੇ ਸਾਰੇ ਪਹਿਰ
ਮੇਰੀ ਸਿਮਰਤੀ 'ਚ
ਕਿੱਧਰੇ ਗੁੰਮ ਗੁਆਚ ਜਾਂਦੇ ਹਨ।
ਨਹਾ ਧੋ ਨਵਾਂ ਤਾਜਾ ਹੋ
ਮੈਂ ਫਿਰ ਕਾਲੀ ਸੜਕ ਤੇ
ਲਾਲ ਇਮਾਰਤਾਂ ਦੀ
ਆਵਾਜਾਈ ਦਾ ਹਿੱਸਾ ਬਣ ਜਾਦਾ ਹਾਂ।

## ਨਿਸ਼ਬਦਾ

ਨਿਸ਼ਬਦਾ ਬੋਲ ਪਿਆ ਜਦ
ਮੁੱਕ ਜਾਣਗੇ ਸ਼ਬਦ
ਮੁਕਰ ਜਾਵੇਗੀ ਭਾਸ਼ਾ
ਆਪਣੀ ਹੋਂਦ ਆਪਣੀ ਹਸਤੀ ਤੋਂ
ਖਿੰਡ ਪੁੰਡ ਜਾਵੇਗਾ ਉਸਦਾ ਵਜੂਦ/ਉਸਦੀ ਹਸਤੀ
ਉਸਦੀ ਹਉਮੈ
ਨਿਸ਼ਬਦਾ ਬੋਲ ਪਿਆ ਜਦ-

ਚੁੱਪ ਹੈ/ਹਾਲੇ ਚੁੱਪ ਹੀ ਰਹਿਣਾ ਚਾਹੀਦਾ ਹੈ ਉਸਨੂੰ
ਧਰਤ ਦੇ ਪੈਂਡੇ ਦਾ ਸਫ਼ਰ
ਹਾਲੇ ਪਰਪੱਕ ਨਹੀ ਹੋਇਆ
ਹਾਲੇ ਤਾਂ ਉਸਨੂੰ ਇਹ ਵੀ ਪਤਾ ਨਹੀਂ
ਹਾਸ਼ੀਏ ਤੇ ਬੈਠਾ ਉਹ ਉਹ ਹੀ ਹੈ
ਜਾਂ ਕੋਈ ਹੋਰ
ਪਰ ਇਹ ਸੱਚ ਹੈ
ਹਾਸ਼ੀਏ ਦੀ ਸਜਾ ਉਹ ਕੱਲਾ ਹੀ ਭੁਗਤ ਰਿਹਾ ਹੈ

ਨਿਸ਼ਬਦਾ
ਤੁਰਿਆ ਰਹਿੰਦਾ ਹੈ ਹਮੇਸ਼ਾ-
ਗਲੀ ਦੀ ਨੁੱਕਰ ਤੋਂ ਲੈ
ਮਾਨਵ ਵਿਕਾਸ ਦੀ ਯਾਤਰਾ
ਉਸਦੇ ਹੋਠਾਂ ਤੇ ਹੈ-
ਉਹ ਜਾਣਦਾ ਹੈ ਕਦ ਜੰਮਿਆ ਸੀ ਉਸਦਾ ਬਾਪ
ਉਸਦੇ ਬਾਪ ਦੇ ਬਾਪ ਦਾ ਬਾਪ
ਤੇ ਅਗਾਂਹ ਦੀ ਸਾਰੀ ਕੜੀ ਬਿਆਨ ਕਰਦਿਆਂ
ਉਹ ਅਕਸਰ ਰੋ ਪੈਂਦਾ ਹੈ

ਪਰ ਬੋਲਦਾ ਨਹੀਂ ਕੋਈ ਸ਼ਬਦ
ਰੋਣ ਲਈ ਭਾਸ਼ਾ ਦੀ ਕੋਈ ਜਰੂਰਤ ਵੀ ਨਹੀਂ
ਬਸ ਬੰਦੇ ਦਾ ਬੰਦਾ ਹੋਣਾ ਲਾਜ਼ਮੀ ਹੈ-

ਨਿਸ਼ਬਦਾ
ਹੁਣੇ ਹੁਣੇ
ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਦਾ
ਮੈਥੋਂ ਦੂਰ ਚਲਾ ਗਿਆ ਹੈ
ਸ਼ਾਇਦ ਸੋਚ ਰਿਹਾ ਹੋਵੇ
ਹਵਾ 'ਚ ਸੁੱਟੇ ਬੀਜ
ਕਦੇ ਉਗਦੇ ਨਹੀਂ
ਰੁੱਖ ਬਣ ਸਕਣ ਲਈ ਵੀ
ਚਾਹੀਦੀ ਹੈ ਆਪਣੀ ਜਮੀਨ
ਆਪਣਾ ਸੇਕ
ਆਪਣਾ ਉੱਗਰ
ਆਪਣਾ ਜਵਾਰ
ਨਹੀਂ ਤਾਂ ਉਗ ਸਕਣਾ ਹੀ ਹੈ ਬੇਕਾਰ
ਬੌਣੇ ਜਿਹੇ ਹੋ
ਸੜਕਾਂ ਚੌਰਾਹਿਆਂ ਦੀ ਭਟਕਣ 'ਚ
ਗੁੰਮ ਜਾਣਾ
ਲਾਹਨਤ ਹੈ-
ਜੀਣ ਲਈ ਵੀ ਚਾਹੀਦੀ ਹੈ
ਆਪਣੀ ਧਰਤੀ ਆਪਣਾ ਆਕਾਸ਼
ਆਪਣਾ ਜਨੂੰਨ
ਆਪਣੀ ਪ੍ਰਭੂਸੱਤਾ।

ਨਿਸ਼ਬਦਾ ਬੋਲ ਪਿਆ ਜਦ–
ਘੂਰੇਗਾ, ਵੇਖੇਗਾ, ਖੁਦ ਨੂੰ ਤਾਣ ਤਾਣ
ਵਰਿਆਂ ਦੀ ਜੰਮੀ ਕਾਲਖ਼
ਆਪਣੇ ਮਨ ਦੀਆਂ ਸਰਦਲਾਂ ਤੋਂ ਪੂੰਝਦਾ
ਖੁਦ ਨੂੰ ਮੱਥਾ ਟੇਕਣ ਯੋਗ ਬਣਾਉਣ ਲਈ
ਬਾਹਰ ਰੇਤੇ ਤੇ ਪਈਆਂ
ਮਾਤਾ ਰਾਣੀ ਬਾਲ ਨਾਥ ਦੀਆਂ ਮੂਰਤੀਆਂ
ਝਾੜ ਕੇ ਪਰ੍ਹਾਂ ਸੁੱਟ ਦੇਵੇਗਾ ਦਲੇਰੀ ਨਾਲ
ਆਪਣੇ ਲਿੰਗ ਦੀ ਸਹੀ ਪਹਿਚਾਣ ਕਰਦਿਆਂ

ਮਨ 'ਚ ਉਗੇਗਾ ਨਾ ਕੋਈ ਸੇਕ
ਕੋਈ ਦੁਬਿਧਾ, ਕੋਈ ਪਛਤਾਵਾ
ਸਗੋਂ ਸਦੀਆਂ ਦਾ ਰੋਹ
ਵਾਵਰੋਲਾ ਬਣ ਧਰਤ ਤੇ ਬਿਖਰ ਜਾਵੇਗਾ
ਪਰ ਉਹ ਜਾਣ ਨਹੀਂ ਸਕੇਗਾ
ਕਿਥੋਂ ਉਠਿਆ ਹੈ ਸੇਕ
ਕਿਥੋਂ ਆਈ ਹੈ ਹਵਾ
ਕਿਵੇਂ ਲੱਗੀ ਹੈ ਅਗਨ

ਨਿਸ਼ਬਦਾ
ਚੁੱਪ ਹੈ
ਹਾਲੇ ਚੁੱਪ ਹੀ ਰਹਿਣਾ ਚਾਹੀਦਾ ਹੈ ਉਸਨੂੰ
ਧਰਤ ਦੇ ਪੈਂਡੇ ਦਾ ਸਫ਼ਰ
ਹਾਲੇ ਪਰਪੱਕ ਨਹੀ ਹੋਇਆ

## ਕੂੰਜਾਂ ਦੇ ਦੇਸ

ਕੂੰਜਾਂ ਦੇ ਦੇਸ ਨਾ ਆਇਓ ਮੇਰੀ ਸਈਓ
ਕੂੰਜਾਂ ਦੇ ਦੇਸ
ਦੇਸ ਆਪਣਾ ਨਾ ਪ੍ਰਦੇਸ ਹੀ ਸਈਓ
ਕੂੰਜਾਂ ਦੇ ਦੇਸ ................

ਵਿਹੁੰ ਦੇ ਤਕੀਏ ਹੇਠ ਵਹੀ ਸੀ
ਬਿੱਧ ਮਾਤਾ ਲਿਖ ਗਈ ਲੇਖ ਨੀ ਸਈਓ
ਕੂੰਜਾਂ ਦੇ ਦੇਸ ...............

ਆਹ ਚੰਨ ਦੇ ਮੁਖੜੇ ਤੇ ਪਈਆਂ ਜੋ ਲਾਸਾਂ
ਇਹ ਹੈ ਆਹਾਂ ਦਾ ਸੇਕ, ਨੀ ਸਈਓ
ਕੂੰਜਾਂ ਦੇ ਦੇਸ ...............

ਮਨ ਦੇ ਥਲ 'ਤੇ ਨੇ ਰੱਤ ਦੀਆਂ ਪੈੜਾਂ
ਕੋਈ ਤੁਰ ਗਿਆ ਪਹਿਲ ਵਰੇਸ, ਨੀ ਸਈਓ
ਕੂੰਜਾਂ ਦੇ ਦੇਸ ...............

ਰਾਤ ਦੀ ਅੱਖ ਪਾ, ਮੈਂ ਚਾਨਣ ਦਾ ਸੁਰਮਾ
ਪੜ੍ਹਦੀ ਹਾਂ ਆਪਣੇ ਹੀ ਲੇਖ ਨੀ ਸਈਓ-
ਕੂੰਜਾਂ ਦੇ ਦੇਸ ................

ਦੇਹ ਦੀ ਸੀਮਾ ਤੋਂ ਪਾਰ ਖੜ੍ਹੀ ਸਾਂ
ਤਨ ਨਾ ਸਕੀ ਆਪਣਾ ਵੇਚ ਨੀ ਸਈਓ-
ਕੂੰਜਾਂ ਦਾ ਸੁਣਦਾ, ਰੁਦਨ ਕੋਈ ਨਾ
ਨਾ ਰੂਹਾਂ ਦੀ ਹੇਕ-ਨੀ ਭੈਣੋਂ ਕੂੰਜਾਂ ਦੇ ਦੇਸ।

## ਦੋਹੇ

(1)
ਸ਼ਬਦ ਨਹੀਂ ਮੈਨੂੰ ਬੋਲ ਦੇ, ਬੋਲ ਨਹੀ ਅਕਾਰ
ਤਾਂ ਜੋ ਤੈਨੂੰ ਧਰ ਲਵਾਂ, ਮੈਂ ਹੋਠਾਂ ਵਿਚਕਾਰ

(2)
ਨਦੀਆਂ ਦੇ ਨਿੱਤ ਗਾਂਵਦੀ, ਸੋਗੀ ਕਾਇਆ ਗੀਤ
ਜੀਵਨ ਵਿਹੁੰਦਾ ਵਹਿ ਰਹਿਓ, ਅਜੇ ਨਾ ਭੁੱਲਿਓ ਪ੍ਰੀਤ

(3)
ਕਿਸ ਕਿਸ ਛਾਂ ਦੀ ਮਿਹਰ ਹੇਠ, ਨਿੱਤ ਪਲਦੇ ਨੇ ਪ੍ਰਾਣ
ਜੀਵਨ ਥਲ ਸੰਗ ਬਾਵਰੇ ਹੁੰਦੇ ਕਦੋ ਮੁਹਾਣ

(4)
ਮਗਨ ਅਚੇਤਨ ਫਿਰ ਰਿਹਾ, ਮੋਹ ਦੇ ਸੰਗ ਵਿਰਲਾਪ
ਕਿਸ ਦੇ ਸੰਗ ਮੈ ਖੁਦ ਤੁਰਾਂ, ਕਿਸ ਦੇ ਸੰਗ ਤੂੰ ਆਪ

(5)
ਤੂੰ ਸੁਣ ਮੇਰੀ ਹਸਤੀਏ, ਕੀ ਬੋਲੇ ਆਲ ਬਤਾਲ
ਕਿਉਂ ਚੜਦਾ ਹੈ ਚੰਦਰਮਾ, ਲੈ ਸੰਗ ਕਿਰਨਾਂ ਨਾਲ

(6)
ਕਦੇ ਨਾ ਚੜਦਾ ਚੰਦਰਮਾ, ਕਦੇ ਨਾ ਮੁਕਦੀ ਰਾਤ
ਰਾਤ ਦੇ ਲੇਖੀਂ ਲਿੱਖ ਗਿਆ ਕੋਈ ਸੱਜਣ ਆਪਣੀ ਬਾਤ

(7)

ਤਪਦੇ ਥਲਾਂ ਦਾ ਕਾਫਲਾ, ਗੁਜਰੇ ਦੇਹ ਵਿਚਕਾਰ
ਨਾ ਕੋਈ ਪੰਛੀ ਗਾਂਵਦਾ, ਨਾ ਕੋਈ ਸੋਗ ਵਿਹਾਰ

(8)

ਇਹ ਥਲ ਕੇਹੇ ਆਪਣੇ, ਜਗ ਦੀ ਜੀਵਨ ਦਾਤ
ਵਰ੍ਹਿਆਂ ਦੇ ਵਿਚ ਮੁੱਕਣੀ, ਪਲ ਛਿਣ ਦੀ ਇਹ ਬਾਤ

(9)

ਤੂੰ ਸੁਣ ਮੇਰੀ ਹਸਤੀਏ, ਇਹ ਜੋ ਜੀਵਨ ਰਾਗ
ਪਲਕਾਂ ਉਹਲੇ ਰੋ ਲਵੀਂ, ਲਿਖਿਆ ਆਪਣੇ ਭਾਗ

(10)

ਅੱਜ ਸ਼ਬਦਾਂ ਦਾ ਕਾਫਲਾ, ਤੁਰ ਪਿਆ ਕਿਹੜੇ ਰਾਹ
ਅਰਥ ਕਿ ਪੱਥਰ ਹੋ ਗਏ, ਅੱਖਰ ਸਾਹੋ ਸਾਹ

(11)

ਤੁਸੀਂ ਨਾ ਰੋਵੋ ਪੰਛੀਓ, ਮੈਂ ਪੌਣਾਂ ਵਿਚਕਾਰ
ਉਡਦਾ ਭਾਉਂਦਾ ਫਿਰ ਰਿਹਾ , ਲੈ ਕੇ ਪੰਖ ਉਧਾਰ

(12)

ਸੁਬਹ ਹੋਈ ਤਾਂ ਉਡ ਗਏ ਪੰਛੀ ਆਪਣੇ ਰਾਹ
ਰਾਹਾਂ ਵਿਚ ਕੋਈ ਰਹਿ ਗਿਆ, ਹੈ ਕਿਸ ਨੂੰ ਪ੍ਰਵਾਹ

(13)

ਇਹ ਵਰਿਆਂ ਦੀ ਚਾਂਦਨੀ, ਪਾਵੇ ਬੱਸ ਇਕ ਬਾਤ
ਹਾਏ ਇਕ ਕਾਲੀ ਰਾਤ ਸੀ, ਮੇਰੀ ਨਿਗਲ ਗਈ ਪ੍ਰਭਾਤ

(14)

ਮੇਰੀ ਪੁਸਤਕ ਦੇ ਸਫੇ, ਬੱਸ ਦੋ ਤਿੰਨ ਜਾਂ ਚਾਰ
ਸਾਹਾਂ ਦੇ ਵਿਚ ਫਿਰ ਰਹੀ, ਇਕ ਨੰਗੀ ਤਲਵਾਰ

(15)

ਅੱਥਰੂ ਮੇਰੇ ਵਹਿ ਰਹੇ, ਪਰ ਨਾ ਕੋਈ ਰਾਹ
ਤੂੰ ਕੀ ਜਾਣੇ ਦੋਸਤਾ, ਕੀ ਹੈ ਆਤਮਦਾਹ

(16)

ਤੂੰ ਦੱਸ ਮੇਰੇ ਮਾਲਕਾ, ਕੀ ਮੇਰੀ ਔਕਾਤ
ਤੈਥੋਂ ਕੀ ਮੇਰਾ ਲੁਕਿਆ, ਖੋਲ ਦੇ ਸਾਰੀ ਬਾਤ

(17)

ਦੱਸ ਦੇ ਜਦ ਮੈਂ ਜਨਮਿਆ, ਸੀ ਇੱਕ ਕਾਲੀ ਰਾਤ
ਪਹਿਰਾਂ ਦੇ ਵਿੱਚ ਗਿੜ ਰਹੀ ਸੀ ਮੇਰੀ ਸ਼ੁੱਭ ਪ੍ਰਭਾਤ

ਇਹ ਕੁੱਝ ਮੇਰੇ ਲੋਕ ਨੇ, ਕਰਦੇ ਕਾਰ ਵਿਹਾਰ
ਪਰ ਨਾ ਹੋਣਾਂ ਜਾਣਦੇ, ਕਿੰਝ ਬਣਨਾ ਹਥਿਆਰ

(18)

ਭੁੱਖ ਹੈ ਬੱਸ ਇਕ ਅੰਨ ਦੀ, ਪਾਣੀ ਦੀ ਹੈ ਪਿਆਸ
ਸਾਧ ਡੇਰੇ ਦਾ ਪੂਜਦੇ, ਇੰਨਾਂ ਕੀ ਰਚਣਾ ਇਤਿਹਾਸ

(19)

ਤਿੱਤਲੀ ਬਣ ਜਾ ਸੋਹਣੀਏ, ਵੇਖਾਂ ਰੰਗ ਹਜ਼ਾਰ
ਜਾ ਬਣ ਜਾ ਮੇਰੀ ਸਾਦਗੀ, ਜਾਂ ਬਣ ਜਾ ਹਥਿਆਰ

(20)

ਤਿੱਤਲੀਏ ਨਾਚ ਕਰੇਂਦੀਏ, ਫਲੇ ਫੁਲੇ ਤੇਰੀ ਸਾਖ
ਤੈਂਥੋ ਜੀਣਾ ਮੈਂ ਸਿਖਾਂ, ਰੁਲ ਜਾਵਾਂ ਵਿਚ ਖ਼ਾਕ

(21)

ਕੱਲ ਦੀ ਸ਼ੁੱਭ ਪ੍ਰਭਾਤ ਲਈ, ਮੰਗੀ ਰਾਤ ਉਧਾਰ
ਸ਼ਾਇਦ ਕੋਈ ਲੈ ਚਲੇ, ਇਸ ਭਵਜਲ ਤੋਂ ਪਾਰ

(22)

ਸਾਹ ਕੀ ਨੇ, ਕੋਈ ਬਲ ਰਿਹਾ, ਵਣ ਦੇਹੀ ਵਿਚਕਾਰ
ਮੈਂ ਭਾਲਾਂ ਕੋਈ ਰੌਸ਼ਨੀ, ਮੇਰੀ ਅੱਗ ਜਣੇਂ ਅੰਧਕਾਰ

(23)

ਦਰਿਆ ਦਰਪਨ ਹੋ ਗਿਆ, ਸੋਗੀ ਲਹਿਰੋ ਲਹਿਰ
ਠਹਿਰ ਜਰਾ ਭਾਗਵੰਤੀਏ, ਠਹਿਰ ਠਹਿਰ ਤੂੰ ਠਹਿਰ

****